# ਮੈਂ ਨਕਸਲਬਾੜੀ ਹਾਂ

(**ਪਿਆਰਾ ਸਿੰਘ ਸਹਿਰਾਈ** ਦੀ *ਵਾਰ ਤਰਸੇਮ ਬਾਵੇ ਦੀ* 'ਤੇ ਆਧਾਰਿਤ)

29 ਮਈ 1993 ਸ਼ਹੀਦ ਤਰਸੇਮ ਬਾਵੇ ਦੀ ਯਾਦ ਵਿਚ ਕੀਤੇ ਜਾਣ ਵਾਲੇ ਸਮਾਗਮ ਲਈ ਇਹ ਨਾਟਕ ਵਿਸ਼ੇਸ਼ ਤੌਰ 'ਤੇ ਲਿਖਿਆ। ਇਹ ਨਾਟਕ ਇਸ ਤਰ੍ਹਾਂ ਵਿਉਂਤਿਆ ਗਿਆ ਹੈ ਕਿ ਇਹ ਦਿਨ ਵੇਲੇ ਵੀ ਕੀਤਾ ਜਾ ਸਕੇ। ਨਾਟਕ ਦਾ ਕਾਰਜ ਤਿੰਨ ਥਾਵਾਂ 'ਤੇ ਚਲਦਾ ਹੈ। ਨਾਟਕ ਸ਼ੁਰੂ ਹੋਣ 'ਤੇ ਇਕ ਵਿਅਕਤੀ ਨੂੰ ਇਕ ਥਾਣੇ ਵਿਚ ਤਸੀਹੇ ਦਿੱਤੇ ਜਾ ਰਹੇ ਹਨ। ਥਾਣੇ ਦਾ ਵਾਤਾਵਰਣ ਉਸਾਰਨ ਲਈ ਦੋ ਸਿਪਾਹੀ ਪਹਿਰਾ ਦਿੰਦੇ ਹੋਏ ਖੜੇ ਕੀਤੇ ਗਏ ਹਨ। ਵਿਅਕਤੀ ਕੁਰਸੀ 'ਤੇ ਬਿਠਾਇਆ ਹੋਇਆ ਹੈ। ਉਹਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ।

ਥਾਣੇਦਾਰ : (ਵਿਅਕਤੀ ਦੇ ਮੂੰਹ 'ਤੇ ਪਾਣੀ ਦਾ ਛੱਟਾ ਮਾਰਦੇ ਹੋਏ) ਬੋਲ ਕਿਥੇ ਛੁਪਾਇਆ ਏ ਉਹ ਹਥਿਆਰ ?

ਵਿਅਕਤੀ : (ਚੁੱਪ)

ਥਾਣੇਦਾਰ : (ਸ਼ਿਕੰਜਾ ਕਸਦੇ ਹਏ) ਬੋਲ।

ਵਿਅਕਤੀ : ਅਸੀਂ ਰੋਟੀ ਲਈ ਲੜਾਂਗੇ

*(ਥਾਣੇਦਾਰ ਸ਼ਿਕੰਜਾ ਕੱਸਦਾ ਜਾਂਦਾ ਹੈ। ਵਿਅਕਤੀ ਬੋਲਦਾ ਜਾਂਦਾ ਹੈ।)*

- ਅਸੀਂ ਚੰਗੀ ਜ਼ਿੰਦਗੀ ਲਈ ਲੜਾਂਗੇ
- ਅਸੀਂ ਬਰਾਬਰੀ ਲਈ ਲੜਾਂਗੇ
- ਫਿਰਕਾਪ੍ਰਸਤੀ ਮੁਰਦਾਬਾਦ
- ਹਕੂਮਤੀ ਦਹਿਸ਼ਤਗਰਦੀ ਮੁਰਦਾਬਾਦ
- ਇਨਕਲਾਬ ਜ਼ਿੰਦਾਬਾਦ
- ਨਕਸਲਬਾੜੀ ਜ਼ਿੰਦਾਬਾਦ

*(ਕਹਿੰਦਾ-ਕਹਿੰਦਾ ਫੇਰ ਤੋਂ ਬੇਹੋਸ਼ ਹੋ ਜਾਂਦਾ ਹੈ।)*

ਥਾਣੇਦਾਰ : (ਸਿਪਾਹੀ ਨੂੰ) ਰਾਮ ਸਿੰਘ ਇਸ ਨੂੰ ਇਸੇ ਹਾਲਤ ਵਿਚ ਰਹਿਣ ਦਿਓ। ਹਾਲੀ ਵੀ ਇਹਦੇ ਮੂੰਹੋਂ ਨਿਕਲਦਾ ਹੈ - ਨਕਸਲਬਾੜੀ ਜ਼ਿੰਦਾਬਾਦ

ਰਾਮ ਸਿੰਘ : ਪਰ ਅਸੀਂ ਇਹਦੇ ਮੂੰਹੋਂ ਕਢਵਾਉਣਾ ਕੀ ਚਾਹੁੰਦੇ ਹਾਂ ਜਨਾਬ ?

ਥਾਣੇਦਾਰ : ਕਢਵਾਉਣਾ ਚਾਹੁੰਦੇ ਹਾਂ ਕਿ ਉਹਨੇ ਉਹ ਹਥਿਆਰ ਕਿਥੇ ਛੁਪਾਏ

ਨੇ, ਜਿਹੜੇ ਇਹਦੀ ਪਾਰਟੀ ਨੇ ਇਕੱਠੇ ਕੀਤੇ ਨੇ, ਜੀਹਦੇ ਨਾਲ ਕਤਲ ਕੀਤਾ ਗਿਆ ਏ, ਪਰ ਇਹ ਕਹਿੰਦਾ ਏ ਨਕਸਲਬਾੜੀ ਜ਼ਿੰਦਾਬਾਦ।

ਰਾਮ ਸਿੰਘ : ਤੁਸੀਂ ਜਨਾਬ ਥੱਕ ਗਏ ਲਗਦੇ ਹੋ, ਤੁਸੀਂ ਥੋੜਾ ਅਰਾਮ ਕਰ ਲਓ। ਤੁਹਾਡੇ ਕਮਰੇ ਵਿਚ ਤੁਹਾਡੀ ਥਕਾਵਟ ਲਾਹੁਣ ਦਾ ਬੰਦੋਬਸਤ ਕਰ ਦਿੱਤਾ ਹੈ। ਮੀਟ ਦੀ ਪਲੇਟ ਵੀ ਆ ਗਈ ਹੈ ਤੇ ਸ਼ਰਾਬ ਦੀ ਬੋਤਲ ਵੀ।

ਥਾਣੇਦਾਰ : ਚੰਗਾ ਕੀਤਾ ਏ (ਜਾਣ ਲੱਗਦਾ ਹੈ) ਹਾਂ ਇਸਨੂੰ ਹੋਸ਼ ਵਿਚ ਆਉਣ 'ਤੇ ਖੋਲ ਕੇ ਹਵਾਲਾਤ ਵਿਚ ਸੁੱਟ ਦਿਓ। ਇਹਦੇ ਨਾਲ ਥੋੜੀ ਦੇਰ ਬਾਅਦ ਨਿਬੜਾਂਗੇ – (ਜਾਂਦਾ ਹੈ)

ਨੇਕ ਰਾਮ : ਹਾਲੀ ਨਿਬੜਨ ਦੀ ਕਸਰ ਰਹਿ ਗਈ ਏ ?

ਰਾਮ ਸਿੰਘ : (ਦੂਜੇ ਸਿਪਾਹੀ ਨੂੰ) ਆ ਬਈ ਨੇਕ ਰਾਮ ਥੋੜੀ ਮਦਦ ਕਰ। ਸਾਡੇ ਸਰਦਾਰ ਜੀ ਨੇ ਤਾਂ ਇਕ ਹੋਰ ਸਟਾਰ ਲਵਾ ਲੈਣਾ ਏ, ਪਰ ਸਾਡੀ ਜ਼ਮੀਰ ਨੇ ਤਾਂ ਸਾਨੂੰ ਸਾਰੀ ਉਮਰ ਲਾਹਨਤਾ ਪਾਉਂਦੇ ਰਹਿਣਾ ਏ।

ਨੇਕ ਰਾਮ : ਜ਼ਮੀਰ ? ਕੀ ਸਾਡੀ ਕੋਈ ਜ਼ਮੀਰ ਹੈ ? ਕਿੰਨੇ ਹੀ ਬੰਦੇ ਇਸ ਤਰ੍ਹਾਂ ਤਸੀਹੇ ਝੱਲਦੇ-ਝੱਲਦੇ ਸਾਡੇ ਸਾਹਮਣੇ ਖਤਮ ਹੋ ਗਏ, ਅਸੀਂ ਕਦੇ ਵੀ ਨਾ ਬੋਲੇ, ਬਸ ਚੁੱਪ-ਚਾਪ ਸਭ ਕੁਝ ਵੇਖਦੇ ਰਹਿੰਦੇ ਹਾਂ, ਬਿਲਕੁਲ ਹੀ ਭੁੱਲ ਜਾਂਦੇ ਹਾਂ ਕਿ ਇਹ ਵੀ ਕਿਸੇ ਮਾਂ ਦੇ ਪੁੱਤਰ ਨੇ।

ਰਾਮ ਸਿੰਘ : ਇਹ ਸਿਰਫ਼ ਇਥੇ ਮਾਂ ਦਾ ਪੁੱਤਰ ਨਹੀਂ ਸਗੋਂ ਪਿੰਡ ਦਾ ਸਾਰਿਆਂ ਨਾਲੋਂ ਸਿਆਣਾ ਬੰਦਾ ਏ, ਹਾਲੀ ਤਾਂ ਇਹਦੇ ਪਿੰਡ ਵਾਲਿਆਂ ਨੂੰ ਪਤਾ ਨਹੀਂ ਲੱਗਾ ਕਿ ਇਸਨੂੰ ਇਥੇ ਤਸੀਹੇ ਦਿੱਤੇ ਜਾ ਰਹੇ ਨੇ, ਨਹੀਂ ਤਾਂ ਹੁਣ ਤੱਕ ਥਾਣੇ ਦਾ ਘਿਰਾਓ ਹੋ ਜਾਣਾ ਸੀ।

*(ਦੋਵੇਂ ਉਸ ਵਿਅਕਤੀ ਨੂੰ ਖੋਲਦੇ ਹਨ ਤੇ ਉਸ ਦੀ ਹਾਲਤ ਵੇਖ ਕੇ ਪ੍ਰੇਸ਼ਾਨ ਹੁੰਦੇ ਹਨ।)*

ਨੇਕ ਰਾਮ : ਫਿੱਟੇ ਮੂੰਹ ਨੇਕ ਰਾਮ ਤੇਰਾ
ਫਿੱਟੇ ਮੂੰਹ ਨੇਕ ਰਾਮ ਤੇਰਾ
ਫਿੱਟੇ ਮੂੰਹ ਉਸ ਕਸਾਈ ਦਾ, ਜਿਹੜਾ ਹੁਣ ਮੀਟ ਦੀ ਪਲੇਟ ਖਾ ਰਿਹਾ ਏ ਤੇ ਸ਼ਰਾਬ ਪੀ ਰਿਹਾ ਏ।

*(ਦੋਵੇਂ ਉਹਨੂੰ ਮੋਢੇ ਦਾ ਆਸਰਾ ਦਿੰਦੇ ਹਨ। ਸੀਨ ਫਰੀਜ਼ ਹੁੰਦਾ ਹੈ।)*

## ਸੀਨ ਦੂਸਰਾ

(ਇਕ ਬਜ਼ੁਰਗ ਕੁਝ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰ ਰਿਹਾ ਹੈ।)

ਬਜ਼ੁਰਗ : ਇਨਕਲਾਬ ਦਾ ਸ਼ਬਦ ਸੁਣਕੇ ਸਾਡੇ ਅੱਜ ਦੇ ਹਾਕਮਾਂ ਨੂੰ ਇਕ ਬੁਖਾਰ ਜਿਹਾ ਚੜ੍ਹ ਜਾਂਦਾ ਹੈ। ਉਹ ਚਾਹੁੰਦੇ ਨੇ ਕਿ ਅਜ਼ਾਦੀ ਦੀ ਲੜਾਈ ਵਿਚ ਲੋਕ ਇਨਕਲਾਬੀਆਂ ਦੀ ਭੂਮਿਕਾ ਨੂੰ ਵਿਸਾਰ ਦੇਣ ਕਿਉਂਕਿ ਉਹਨਾਂ ਨੂੰ ਇਹ ਪੁਗਦਾ ਨਈਂ। ਇਨਕਲਾਬੀ ਕਹਿੰਦੇ ਹਨ ਕਿ ਅਜ਼ਾਦੀ ਦਾ ਮਤਲਬ ਇਹ ਨਹੀਂ ਕਿ ਕੇਵਲ ਅੰਗਰੇਜ਼ ਹਿੰਦੋਸਤਾਨ ਛੱਡ ਜਾਣ ਤੇ ਮਿਹਨਤਕਸ਼ਾਂ ਦੀ ਲੁੱਟ-ਘਸੁੱਟ ਉਸੇ ਤਰ੍ਹਾਂ ਜਾਰੀ ਰਹੇ ਜਿਹਾ ਕਿ ਸੰਤਾਲੀ ਤੋਂ ਪਹਿਲੋਂ ਅੱਜ ਤੱਕ ਚਲਿਆ ਆ ਰਿਹਾ ਹੈ। ਉਨ੍ਹਾਂ ਦਾ ਸੰਕਲਪ ਸੀ ਕਿ ਅਸਲ ਅਜ਼ਾਦੀ ਤਾਂ ਹੀ ਆ ਸਕਦੀ ਹੈ ਜਦੋਂ ਦੇਸ਼ 'ਚ ਐਸਾ ਲੋਕ ਰਾਜ ਹੋਵੇ ਜੀਹਦੇ ਵਿਚ ਇਨਸਾਨ ਨੂੰ ਇਨਸਾਨ ਨਾ ਲੁੱਟ ਸਕੇ, ਮਜ਼ਦੂਰ ਨੂੰ ਉਸਦੀ ਮਿਹਨਤ ਦਾ ਮੁਆਵਜ਼ਾ ਪੂਰਾ ਮਿਲੇ, ਜ਼ਮੀਨ ਦਾ ਮਾਲਕ ਹਲਵਾਹਕ ਹੋਵੇ ਤੇ ਉਸਨੂੰ ਫ਼ਸਲ ਦਾ ਠੀਕ ਮੁੱਲ ਮਿਲੇ, ਨੌਕਰਸ਼ਾਹੀ ਤੇ ਪੁਲਿਸ ਲੋਕਾਂ ਦੀ ਸੇਵਾਦਾਰ ਹੋਵੇ ਨਾ ਕਿ ਉਨ੍ਹਾਂ ਦਾ ਖ਼ੂਨ ਚੂਸਣ ਲਗ ਜਾਵੇ। ਇਨਸਾਫ਼ ਲਈ ਜੂਝਣ ਵਾਲਿਆਂ ਦਾ ਝੂਠੇ ਪੁਲਿਸ ਮੁਕਾਬਲਿਆਂ 'ਚ ਦਿਨ ਦਿਹਾੜੇ ਕਤਲੇਆਮ ਨਾ ਹੋਵੇ। ਇਨਕਲਾਬੀਆਂ ਦਾ ਸੰਕਲਪ ਪੂਰਨ ਤੌਰ 'ਤੇ ਸਮਾਜਵਾਦੀ ਨਿਜ਼ਾਮ ਲਿਆਉਣਾ ਸੀ, ਜਿਸ ਵਿਚ ਹਰ ਦੇਸ਼ਵਾਸੀ ਨੂੰ ਰੋਟੀ, ਕੱਪੜਾ, ਮਕਾਨ, ਰੁਜ਼ਗਾਰ ਤੇ ਇਨਸਾਫ਼ ਮਿਲੇ, ਇਹ ਨਈ ਕਿ ਹੁਣ ਦੇ ਨਿਜ਼ਾਮ ਵਾਕਣ ਇਨਸਾਨੀਅਤ ਦੇ ਦੁਸ਼ਮਣ ਮਨਾਫਾਖੋਰ ਬਲਕਿ ਮਾਰਕੀਟੀਏ ਬਦਮਾਸ਼ ਤੇ ਭ੍ਰਿਸ਼ਟ ਸਿਆਸਤ ਦਾ ਨਿਜ਼ਾਮ ਵਿਚ ਬੋਲਬਾਲਾ ਹੋਵੇ-ਜਿਸ ਨਿਜ਼ਾਮ ਦੇ ਵਿਰੁੱਧ ਸੰਘਰਸ਼ ਕਰਨਾ ਤੇ ਇਸਨੂੰ ਹਰ ਹੀਲੇ ਖਤਮ ਕਰਨਾ ਸਾਰੇ ਦੇਸ਼ ਭਗਤਾਂ ਦਾ ਫਰਜ਼ ਹੈ ਪਰ ਸੰਘਰਸ਼ਸ਼ੀਲ ਦੇਸ਼ ਭਗਤਾਂ ਨਾਲ ਜੋ ਸਮੇਂ ਦੀ ਸਰਕਾਰ ਸਲੂਕ ਕਰ ਰਹੀ ਏ, ਉਹ ਤੁਹਾਡੇ ਸਾਹਮਣੇ ਹੈ। ਬਾਬਾ ਬੂਝਾ ਸਿੰਘ ਵਰਗੇ ਸੁਤੰਤਰਤਾ ਸੰਗਰਾਮੀ ਨੂੰ ਬੰਨ੍ਹ ਕੇ ਮਾਰ ਦਿੱਤਾ ਗਿਆ। ਜੋ ਜ਼ੁਲਮ ਹੁਣ ਹੋ ਰਿਹਾ ਏ ਇਹ ਤਾਂ ਅੰਗਰੇਜ਼ ਸਰਕਾਰ ਵੇਲੇ ਵੀ ਨਹੀਂ ਹੁੰਦਾ ਸੀ। ਅੰਗਰੇਜ਼ ਸਰਕਾਰ ਵੇਲੇ ਕਦੀ ਇਹ ਨਹੀਂ ਸੁਣਿਆ ਗਿਆ ਸੀ ਕਿ ਥਾਣਿਆ ਅੰਦਰ ਜਾਂ ਝੂਠੇ ਪੁਲਿਸ ਮੁਕਾਬਲਿਆਂ 'ਚ ਲੋਕਾਂ ਨੂੰ ਜਾਂ ਇਨਕਲਾਬੀਆਂ ਨੂੰ ਮਾਰਿਆ ਜਾਏ। ਹਰ ਦੋਸ਼ੀ ਨੂੰ ਮੁਕੱਦਮਾ

ਚਲਾ ਕੇ ਹੀ ਸਜ਼ਾ ਦਿੱਤੀ ਜਾਂਦੀ ਸੀ। ਭਗਤ ਸਿੰਘ ਤੇ ਉਹਦੇ ਸਾਥੀਆਂ ਤੇ ਸ਼ਰ੍ਹੇਆਮ ਮੁਕੱਦਮਾ ਚਲਾਇਆ ਗਿਆ ਸੀ। ਇਹ ਇਤਿਹਾਸ ਹੈ ਤੇ ਇਸ ਨੂੰ ਕੋਈ ਨਹੀਂ ਝੁਠਲਾ ਸਕਦਾ। ਪਰ ਅਸੀਂ ਸਮੇਂ ਦੀ ਸਰਕਾਰ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਸਾਡੀ ਜ਼ੁਬਾਨ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਇਸ ਗਲੇ ਪਏ ਨਿਜ਼ਾਮ ਵਿਰੁੱਧ ਸੰਘਰਸ਼ ਕਰਨਾ ਸਾਡਾ ਹੱਕ ਹੈ। ਅਸੀਂ ਇਹ ਸੰਘਰਸ਼ ਕਰਦੇ ਰਹਾਂਗੇ। ਇਹ ਲੜਾਈ ਲੜਕੇ ਰਹਾਂਗੇ। ਇਹ ਜੰਗ ਜਾਰੀ ਰਹੇਗੀ–ਇਨਕਲਾਬ ਜ਼ਿੰਦਾਬਾਦ

*(ਪਹਿਲੇ ਸੀਨ ਵਾਲਾ ਵਿਅਕਤੀ ਅਚਾਨਕ ਬੋਲ ਉੱਠਦਾ ਹੈ)*

ਨਕਸਲਬਾੜੀ ਜ਼ਿੰਦਾਬਾਦ

*(ਸੰਗੀਤ ਵੱਜਦਾ ਹੈ ਅਤੇ ਇਸ ਵਿਚ ਪਹਿਲੇ ਸੀਨ ਅਤੇ ਦੂਜੇ ਸੀਨ ਵਾਲੇ ਵਿਅਕਤੀ ਸਟੇਜ ਤੋਂ ਆਫ਼ ਹੁੰਦੇ ਹਨ)*

ਪਿੱਠ ਭੂਮੀ ਤੋਂ ਅਵਾਜ਼ : ਤੇ ਪੇਸ਼ ਕਰਨ ਜਾ ਰਹੇ ਹਾਂ ਨਾਟਕ ਮੈਂ ਨਕਸਲਬਾੜੀ ਹਾਂ, ਇਹ ਕਹਾਣੀ ਉਨ੍ਹਾਂ ਯੋਧਿਆਂ ਦੀ ਹੈ, ਜਿਨ੍ਹਾਂ ਨੇ ਇਸ ਗਲਤ ਕਿਸਮ ਦੇ ਨਿਜ਼ਾਮ ਨੂੰ ਬਦਲਣ ਦਾ ਬੀੜਾ ਚੁੱਕਿਆ ਹੋਇਆ ਹੈ ਅਤੇ ਇਹਦੇ ਖਿਲਾਫ਼ ਸੰਘਰਸ਼ ਕਰਨਾ ਆਪਣਾ–ਈਮਾਨ ਸਮਝਦੇ ਹਨ।

*(ਘਰ ਦਾ ਸੀਨ...ਬੁੱਢੀ ਮਾਂ ਇਕ ਅੱਧਖੜ੍ਹ ਵਿਅਕਤੀ ਤਾਰੇ ਨਾਲ ਗੱਲਾਂ ਕਰ ਰਹੀ ਹੈ। ਤਾਰਾ ਲੱਸੀ ਦਾ ਗਿਲਾਸ ਪੀ ਕੇ ਮੂੰਹ 'ਤੇ ਹੱਥ ਫੇਰਦਾ ਹੈ।)*

ਤਾਰਾ : ਲੈ ਭਾਬੀ ਆਪਣਾ ਸੇਮਾਂ ਤੇ ਹੁਣ ਮਾਸਟਰ ਤਰਸੇਮ ਸਿੰਘ ਬਣ ਗਿਆ ਏ – ਕੱਲ੍ਹ ਦਾ ਨਲੀ ਚੋਚੋ ਜਿਸ ਦੇ ਕੋਲੋਂ ਆਪਣੀ ਨਲੀ ਸਾਂਭੀ ਨਹੀਂ ਜਾਂਦੀ ਸੀ, ਹੁਣ ਦੂਜਿਆਂ ਦੀਆਂ ਨਲੀਆਂ ਸਾਂਭਿਆ ਕਰੇਗਾ।

ਮਾਂ : ਭਰਾਵਾਂ ਮੈਂ ਤਾਂ ਸ਼ੁਕਰ ਕਰਦੀ ਹਾਂ ਕਿ ਇਹ ਦਿਨ ਆਇਆ। ਹੁਣ ਸਾਡਾ ਹੱਥ ਵੀ ਕੁਝ ਸੁਖਾਲਾ ਹੋਵੇਗਾ। ਇਹਦੀ ਪੜ੍ਹਾਈ ਨੇ ਸਾਨੂੰ ਊਂ ਈ ਪੁੱਠਾ ਕਰ ਦਿੱਤਾ ਸੀ। ਇਕ ਇਹਦੇ ਪਿਓ ਦੀ ਜ਼ਿੱਦ ਸੀ ਕਿ ਮੁੰਡੇ ਨੂੰ ਪੜ੍ਹਾਉਣਾ ਵੀ ਏ, ਨੌਂਕਰ ਵੀ ਕਰਵਾਉਣਾ ਏ। ਵਾਹੀ ਦੇ ਕੰਮ ਵਿਚ ਨਹੀਂ ਪਾਉਣਾ ਤੇ ਦੇਖ ਲੈ ਸੇਮੇ ਨੇ ਉਹਦੀ ਗੱਲ ਪੂਰੀ ਕਰ ਵਿਖਾਈ ਏ।

ਤਾਰਾ : ਭਾਬੀ ਸੇਮਾਂ ਤਾਂ ਮੁੰਡਿਆ ਲਈ ਮਿਸਾਲ ਬਣਿਆ ਰਿਹਾ ਏ, ਪੜ੍ਹਾਈ ਕਰਦਿਆਂ–ਕਰਦਿਆਂ ਕਿਹੜਾ ਉਹਨੇ ਕਦੇ ਖੇਤੀ ਦੇ ਕੰਮ ਤੋਂ

ਉਣਤਾਈ ਕੀਤੀ ਸੀ।

ਮਾਂ : ਆਹੋ, ਘਰ ਹੋਵੇ ਤਾਂ ਡੰਗਰਾਂ ਦਾ ਸਾਰਾ ਕੰਮ ਇਹੋ ਸਾਂਭਦਾ ਸੀ, ਬਾਪੂ ਇਹਦਾ ਮਨ੍ਹਾਂ ਕਰਦਾ ਰਹਿੰਦਾ ਪਰ ਇਹ ਕਹਿੰਦਾ ਸੀ ਕਿ ਸਭ ਆਪ ਕਰਨਾ ਏ।)

*(ਤਰਸੇਮ ਆਉਂਦਾ ਹੈ)*

ਤਰਸੇਮ : ਲੈ ਚਾਚਾ, ਅੱਜ ਮਾਂ ਕੋਲੋਂ ਖਾਤਰ ਕਰਵਾ ਰਿਹਾ ਏ।

ਤਾਰਾ : ਮੈਂ ਆਖਿਆ ਸਤਿ ਸ੍ਰੀ ਅਕਾਲ ਮਾਸਟਰ ਤਰਸੇਮ ਸਿੰਘ ਜੀ, ਖੇਡਦੀ ਆਂ ਕਾਟੋ ਫੁੱਲਾਂ 'ਤੇ ਕਿ ਨਹੀਂ ?

ਤਰਸੇਮ ਚਾਚਾ ਤੇਰੇ ਲਈ ਮੈਂ ਕਦੀ ਮਾਸਟਰ ਤਰਸੇਮ ਸਿੰਘ ਨਹੀਂ ਹੋਵਾਂਗਾ, ਹਮੇਸ਼ਾਂ ਸੇਮਾ ਹੀ ਰਵ੍ਹਾਂਗਾ...ਸੇਮਾ ਜਿਸਨੇ ਆਪਣੇ ਚਾਚੇ ਤਾਰੇ ਕੋਲੋਂ ਜ਼ਿੰਦਗੀ ਦੀਆਂ ਪੋਥੀਆਂ ਪੜ੍ਹਨੀਆਂ ਸਿੱਖੀਆਂ ਤੇ ਚਾਚਾ ਸਾਡੀ ਕਾਟੋ ਉਸ ਵੇਲੇ ਫੁੱਲਾਂ 'ਤੇ ਖੇਡ ਜਦੋਂ ਤੇਰੀ ਕਾਟੋ ਫੁੱਲਾਂ 'ਤੇ ਖੇਡੇਗੀ।

ਤਾਰਾ : ਸਾਡੀ ਨਾ ਕਦੀ ਖੇਡੀ ਫੁੱਲਾਂ ਤੇ, ਢਾਰਿਆਂ ਵਿਚ ਹੀ ਜੰਮੇ ਤੇ ਢਾਰਿਆਂ ਵਿਚ ਹੀ ਮਰ ਜਾਣਾ ਏ (ਨਸਵਾਰ ਦੀ ਚੁਟਕੀ ਲਾ ਕੇ) ਹਾਂ ਥੋੜੀ ਜਿਹੀ ਜਦੋਂ ਇਹ ਚੜ੍ਹ ਜਾਏ ਤਾਂ ਫੇਰ ਕਾਟੋ ਖੇਡਦੀ ਹੀ ਨਹੀਂ ਸਗੋਂ ਟਪੂਸੀਆਂ ਮਾਰਦੀ ਏ। ਤੇਰਾ ਯਾਰ ਬਲਬੀਰਾ ਕਹਿੰਦਾ ਸੀ ਕਿ ਸੇਮਾ ਮਾਸਟਰ ਕੀ ਲੱਗ ਗਿਆ ਏ, ਉਹਦੀ ਆਕੜ ਹੀ ਬੜੀ ਹੋ ਗਈ ਏ।

ਸੇਮਾ : ਨਈਂ ਚਾਚਾ, ਉਹਦੀ ਤਾਂ ਸਗੋਂ ਥਾਣੇਦਾਰ ਦੇ ਮੁੰਡੇ ਨਾਲ ਯਾਰੀ ਹੋ ਗਈ ਏ, ਉਹ ਉਲਟ-ਉਲਟ ਗੱਲਾਂ ਕਰਨ ਲੱਗ ਗਿਆ ਏ, ਲੋਕਾਂ ਦੇ ਹੱਕਾਂ ਦੀਆਂ ਗੱਲਾਂ, ਚੰਗੇ ਸਮਾਜ ਲਈ ਸੰਘਰਸ਼ ਦੀਆਂ ਗੱਲਾਂ, ਹੁਣ ਉਸਨੂੰ ਸਾਰੀਆਂ ਵਾਧੂ ਦੀਆਂ ਗੱਲਾਂ ਲੱਗਣ ਲੱਗ ਪਈਆਂ ਨੇ। ਹਾਂ ਤੇਰੇ ਗੇਜੇ ਦਾ ਕੀ ਹਾਲ ਏ ਉਹਨੇ ਤੇਰੇ ਕੋਲੋਂ ਕੋਈ ਪੋਥੀ ਪੜ੍ਹੀ ਕਿ ਨਾ ?

ਮਾਂ : ਮਗਰੋਂ ਮੈਂ ਪੁੱਛਿਆ ਹੀ ਨਹੀਂ ਉਹਦੇ ਬਾਰੇ।

ਤਾਰਾ : ਭਾਬੀ ਅਸੀਂ ਦੁਨੀਆਂ ਨੂੰ ਪੋਥੀਆਂ ਪੜ੍ਹਾ ਦਿੱਤੀਆਂ ਤੇ ਬਹੁਤ ਪੋਥੀਆਂ ਨਵੀਆਂ ਵੀ ਲਿਖ ਦਿੱਤੀਆਂ ਪਰ ਉਹਦੀ ਪੋਥੀ ਰੱਬ ਕੰਜਰ ਨੇ ਐਸੇ ਸਮਿਆਂ 'ਚ ਪਹਿਲਾ ਹੀ ਲਿਖੀ ਹੋਈ ਸੀ ਕਿ ਮੇਰਾ ਵੱਸ ਕੋਈ ਨਾ ਚੱਲਿਆ ਤੇ ਇਸੇ ਕਰਕੇ ਸਰਦਾਰਾਂ ਦੇ ਡੰਗਰਾਂ ਦਾ ਪਾਲੀ ਬਣਿਆ ਤੁਰਿਆ ਫਿਰਦਾ ਏ। ਤੂੰ ਉਹਦੀ ਗੱਲ ਛੇੜੀ ਏ ਤਾਂ ਸੁਣ ਲੈ-ਭਾਬੀ ਚਾਹ ਆਪਣੇ ਮਾਸਟਰ ਨੂੰ ਵੀ ਦੇ ਤੇ ਮੈਨੂੰ ਵੀ ਦੇ - ਇਕ ਵਾਰੀ ਸਲਾਹ ਕੀਤੀ ਕਿ ਗੇਜੇ ਨੂੰ ਵੱਡਾ ਭਲਵਾਨ ਬਣਾਵਾਂ। ਮੇਰੀ

ਮਨਸਾ ਕੰਜਰ ਨੂੰ ਪੰਜ ਦਸ ਪੀਪੇ ਘਿਓ ਦੇ ਖਵਾਵਾਂ, ਕੁੜੀ ਯਾਣਾ ਕਿੱਕਰ ਸੂੰਹ ਬਣਾ ਦੇਣਾ ਇਕ ਵਾਰ-ਫੇਰ ਮੈਂ ਸੋਚਿਆ ਇਹਨੇ ਕੰਜਰ ਨੇ ਕਿਸੇ ਦੀ ਲੱਤ ਬਾਂਹ ਤੋੜ ਦੇਣੀ ਆ ਤੇ ਲਾਮ੍ਹੇ ਆਉਣੇ ਨੇ ਇਸ ਕਰਕੇ ਮੈਂ ਇਹਨੂੰ ਭਲਵਾਨ ਨਾ ਬਣਾਇਆ - (ਚਾਹ ਆਉਂਦੀ ਹੈ, ਉਹਦਾ ਇਕ ਸੜ੍ਹਾਕਾ ਲਾਉਂਦਾ ਹੈ) ਕਦੀ ਮੈਂ ਸੋਚਦਾ ਇਹਨੂੰ ਬਦਮਾਸ਼ ਬਣਾਵਾਂ, ਜੱਗੇ ਡਾਕੂ ਅਰਗਾ, ਫੇਰ ਮੈਂ ਆਖਿਆ ਇਹਨੇ ਕਿਸੇ ਦਾ ਕਤਲ ਕਰ ਦੇਣਾ ਏ ਤੇ ਪਿਛੋਂ ਮੈਂ ਵਖਤ ਨੂੰ ਫੜਿਆ ਰਹੂੰ ਇਸ ਕਰਕੇ ਮੈਂ ਇਹਨੂੰ ਬਦਮਾਸ਼ ਨਾ ਬਣਾਇਆ। ਇਕ ਵਾਰੀ ਮੇਰੀ ਸਲਾਹ ਬਣੀ ਕਿ ਗੇਜੇ ਨੂੰ ਪੜ੍ਹਾ ਦੇਣਾ, ਦੱਬ ਕੇ ਪੜ੍ਹਾ ਦੇਣਾ ਕੱਠੀਆਂ ਵੀਹ-ਤੀਹ ਜਮਾਤਾਂ, ਇਹਨੂੰ ਤਗੜਾ ਅਪਸਰ ਬਣਾਵਾਂ, ਵੱਡਾ ਤਗੜਾ ਅਪਸਰ, ਫੇਰ ਮੈਂ ਆਖਿਆ ਕਿ ਇਹ ਅਪਸਰ ਬਣ ਗਿਆ ਤਾਂ ਮੈਂ ਕਿਧਰ ਕਿਧਰ ਜਾਵਾਂਗਾ, ਮੈਨੂੰ ਸਿਫਾਰਸ਼ਾਂ ਆਲਿਆਂ ਨੀ ਛੱਡਣਾ, ਮੈਂ ਇਹਨੂੰ ਅਪਸਰ ਨਾ ਬਣਾਇਆ।

*(ਬੜਾ ਆਜਜ਼ ਹੋ ਕੇ)*

ਮਾਂ : ਠੀਕ ਹੀ ਕਹਿੰਦਾ ਏ ਤਾਰਾ, ਭਲਾ ਤਕਦੀਰਾਂ ਬਦਲਣੀਆਂ ਸੌਖੀਆਂ ਨੇ। ਨਾਲੇ ਅਗਲੇ ਬਦਲਣ ਦਿੰਦੇ ਨੇ ਜਿਨ੍ਹਾਂ ਸਭ ਕੁਝ ਸਾਂਭਿਆ ਹੋਇਐ। ਇਥੇ ਤਾਂ ਸਰਪੰਚ ਹੀ ਨਈ ਮਾਨ-ਬੁੜੀਆਂ ਦਸਦੀਆਂ ਸਨ ਕਿ ਕੱਲ੍ਹ ਗੁਰਦੁਆਰੇ ਤੇਰੇ ਬਾਰੇ ਗੱਲਾਂ ਕਰ ਰਿਹਾ ਸੀ ਕਿ ਤੂੰ ਕਮੀਆਂ ਕਮੀਣਾ ਨੂੰ ਜੱਟਾਂ ਵਿਰੁੱਧ ਚੁੱਕ ਰਿਹਾ ਏ - ਪੁੱਤਰਾ ਮੇਰੀ ਗੱਲ ਸੁਣ ਲੈ, ਇਨ੍ਹਾਂ ਨਾਲ ਵੈਰ ਕਮਾ ਕੇ ਕੁਝ ਨਈਂ ਖੱਟਣਾ, ਇਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਏ-(ਉਸਨੂੰ ਜਾਂਦਿਆ ਦੇਖ ਕੇ) ਪਰ ਹੁਣ ਤੂੰ ਕਿਧਰ ਤੁਰ ਪਿਆ ਏ ?

ਤਰਸੇਮ : ਨਾ ਇਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਏ ਤੇ ਅਸੀਂ ਵੀ ਤਾਂ ਕਿਧਰੇ ਨਾ ਕਿਧਰੇ ਆਪਣੀ ਪਹੁੰਚ ਬਣਾਉਣੀ ਹੋਈ ਤੇ ਇਹ ਪਹੁੰਚ ਬਣਾਉਣੀ ਏ ਲੋਕਾਂ ਵਿਚ - (ਜਾਂਦਾ ਹੈ।)

ਮਾਂ : ਬਿਲਕੁਲ ਅਪਣੇ ਬਾਪ ਵਾਂਗ ਏ - ਇਕ ਗੱਲ ਦਿਮਾਗ ਵਿਚ ਆ ਜਾਏ ਫੇਰ ਪਿਛੇ ਨਈਂ ਹਟਣਾ। (ਆਪਣੇ ਆਪ ਨੂੰ) ਚੱਲ ਮੈਂ ਕਿਉਂ ਫਿਕਰ ਕਰਾਂ। ਸਰਪੰਚ ਦੀ ਇਹਦੇ ਬਾਪ ਨਾਲ ਨਈਂ ਬਣੀ ਇਹਦੇ ਨਾਲ ਕਿਵੇਂ ਬਣ ਸਕਦੀ ਏ।

*(ਫੇਡ ਆਊਟ)*

## ਸੀਨ ਚੌਥਾ

(ਸਰਦਾਰਾਂ ਦਾ ਘਰ। ਗੇਜਾ ਇਕ-ਇਕ ਕਰਕੇ ਚਾਰ ਕੁਰਸੀਆਂ ਲਗਾਉਂਦਾ ਹੈ ਤੇ ਆਪਣੇ ਆਪ ਨਾਲ ਗੱਲਾਂ ਕਰਦਾ ਹੈ।)

ਗੇਜਾ : ਅਖੇ ਗੇਜਿਆਂ, ਚਾਰ ਕੁਰਸੀਆਂ ਲਗਾ ਕਿ ਇਕ ਮੀਟਿੰਗ ਏ। ਭਲਾ ਚਾਰ ਕੁਰਸੀਆਂ ਵਾਲੀ ਕਿਹੜੀ ਮੀਟਿੰਗ ਹੋਈ ? ਇਕ ਤਾਂ ਆਪਣੇ ਸਰਦਾਰ ਸਾਹਿਬ ਖੱਦਰਧਾਰੀ ਪਾਰਟੀ ਦੇ ਬੰਦੇ, ਇਕ ਹੋਰ ਗਵਾਂਢ ਦੇ ਜਥੇਦਾਰ, ਸਰਦਾਰ ਜੀ ਦੇ ਚਾਚੇ ਦੇ ਪੁੱਤ, ਪੰਥ ਦੀ ਪਾਰਟੀ ਦੇ ਚੋਣਾਂ ਵੇਲੇ ਵੱਖ-ਵੱਖ, ਪਰ ਮੀਟਿੰਗ ਵੇਲੇ ਇਕ, ਅਖੇ ਮੁਰਗਾ ਤੇ ਸ਼ਰਾਬ ਵੀ ਚਲਣੀ ਏ, ਇਹਦਾ ਮਤਲਬ ਥਾਣੇਦਾਰ ਵੀ ਆਵੇਗਾ, ਕਹਿੰਦਾ ਸੀ ਮੁਰਗਾ ਸਰਪੰਚ ਦੇ ਘਰੋਂ ਆਉਣਾ ਏ, ਇਹਦਾ ਮਤਲਬ ਸਰਪੰਚ ਹੁਰੀਂ ਵੀ ਆਉਣਗੇ। ਸਰਦਾਰ ਜੀ, ਜਥੇਦਾਰ ਜੀ, ਥਾਣੇਦਾਰ ਜੀ, ਸਰਪੰਚ ਜੀ - ਸਾਰੇ ਇਕੋ ਥੈਲੀ ਦੇ ਚੱਟੇ-ਵੱਟੇ ਆ...

*(ਕੁਰਸੀਆਂ ਰੱਖ ਕੇ ਬਾਹਰ ਨਿਕਲ ਜਾਂਦਾ ਹੈ। ਖੱਦਰਧਾਰੀ ਸਰਦਾਰ ਜੀ ਅਤੇ ਨੀਲੀ ਪੱਗ ਵਾਲੇ ਜਥੇਦਾਰ ਗੱਲਾਂ ਕਰਦੇ ਆਉਂਦੇ ਹਨ ਤੇ ਕੁਰਸੀਆਂ 'ਤੇ ਬੈਠ ਜਾਂਦੇ ਹਨ।)*

ਸਰਦਾਰ : ਪਹਿਲਾਂ ਕਮਿਊਨਿਸਟ ਹੀ ਨਹੀਂ ਸਨ ਮਾਣ ਹੁਣ ਇਹ ਨਕਸਲਬਾੜੀਏ ਪੈਦਾ ਹੋ ਗਏ ਨੇ ਜਿਹੜਾ ਹੁਣੇ ਕੁਰਸੀਆਂ ਰੱਖ ਕੇ ਗਿਆ ਏ, ਜੋ ਆਪਣੀਆਂ ਮੱਝਾਂ ਚਾਰਦਾ ਏ, ਕਹਿੰਦਾ ਫਿਰਦਾ ਏ ਕਿ ਮੈਂ ਹੁਣ ਸਰਦਾਰਾਂ ਦੀਆਂ ਮੱਝ ਨਈਂ ਚਾਰਨੀਆਂ, ਮੈਂ ਹੁਣ ਨਕਸਲਬਾੜੀਆ ਹੋ ਗਿਆ ਹਾਂ - ਭੇਡਾਂ ਨੂੰ ਜ਼ੁਕਾਮ ਹੋ ਗਿਆ ਏ।

ਜਥੇਦਾਰ : ਨਕਸਲਬਾੜੀ ਵਿਚ ਤਾਂ ਚਾਹ ਦੇ ਬਾਗ ਸਨ, ਉਥੇ ਮਜ਼ਦੂਰਾਂ ਨੇ ਇਕ ਲਹਿਰ ਚਲਾਈ ਕਿ ਇਨ੍ਹਾਂ ਚਾਹ ਦੇ ਬਾਗਾਂ 'ਤੇ ਕਬਜਾ ਕੀਤਾ ਜਾਏ, ਪਰ ਸਾਡੇ ਇਥੇ ਨਾ ਚਾਹ ਦੇ ਬਾਗ ਨੇ, ਨਾ ਕੰਮ ਕਰਨ ਵਾਲੇ ਮਜ਼ਦੂਰ ਤੇ ਨਾ ਹੀ ਕੋਈ ਮਾਲਕ, ਫੇਰ ਇਹ ਨਕਸਲਬਾੜੀਏ ਇਥੇ ਕਿਸ ਤਰ੍ਹਾਂ ਪੈਦਾ ਹੋ ਗਏ ? ਇਹ ਬਿਮਾਰੀ ਇਥੇ ਕਿਸ ਤਰ੍ਹਾਂ ਆ ਗਈ ?

ਸਰਦਾਰ : ਬੀਮਾਰੀ ਕੋਈ ਪੁੱਛ ਕੇ ਆਉਂਦੀ ਏ ? ਹੁਣ ਗੇਜੇ ਨੂੰ ਹੀ ਲੈ ਲਵੋ, ਮੈਂ ਇਹਨੂੰ ਸਵੇਰੇ ਪੁੱਛਿਆ ਕਿ ਕਹਿੰਦਾ ਫਿਰਦਾ ਏ ਕਿ ਮੈਂ ਨਕਸਲਬਾੜੀਆ ਹੋ ਗਿਆ ਹਾਂ ਤੈਨੂੰ ਪਤਾ ਹੈ ਕਿ ਨਕਸਲਬਾੜੀ ਕੌਣ ਹੁੰਦੇ ਨੇ ? ਫੱਟ ਕਹਿੰਦਾ ਹਾਂ, ਨਕਸਲਬਾੜੀਏ ਉਹ ਹੁੰਦੇ ਹਨ ਜੋ ਇਸ ਸਾਰੀ ਖੇਡ ਨੂੰ ਬਦਲਣਾ ਚਾਹੁੰਦੇ ਨੇ, ਜੋ ਇਥੇ ਚੱਲ ਰਹੀ ਏ।

ਜਥੇਦਾਰ : ਕਿਹੜੇ ਖੇਡ ?

ਸਰਦਾਰ : ਇਹੀ ਮੈਂ ਉਸਨੂੰ ਪੁੱਛਿਆ–ਕਹਿਣ ਲੱਗਾ ਕਿ ਉਹ ਖੇਡ ਜਿਸ ਵਿਚ ਜੇਕਰ ਬਾਪ ਕਰਜਾ ਲਵੇ ਤੇ ਉਹਦੇ ਸੂਦ ਦੇ ਬਦਲੇ ਪੁੱਤਰ ਸਾਰੀ ਉਮਰ ਸਰਦਾਰਾਂ ਦੀਆਂ ਮੱਝਾਂ ਚਾਰਦਾ ਏ।

ਜਥੇਦਾਰ : ਇਹ ਉਹਨੇ ਤੁਹਾਡੇ ਮੂੰਹ 'ਤੇ ਆਖਿਆ ?

ਸਰਦਾਰ : ਇਹੀ ਨਹੀਂ ਸਗੋਂ ਸਾਡੇ ਤੁਹਾਡੇ ਬਾਰੇ ਪੂਰਾ ਲੈਕਚਰ ਝਾੜ ਮਾਰਿਆ, ਅਖੇ ਸਰਦਾਰ ਜੀ ਅਤੇ ਜਥੇਦਾਰ ਜੀ ਦਾ ਆਪਸੀ ਉਹੀ ਰਿਸ਼ਤਾ ਏ ਜੋ ਸਰਦਾਰ ਉਮਰਾਓ ਸਿੰਘ ਅਤੇ ਜਥੇਦਾਰ ਵਡਾਲਾ ਜੀ ਦਾ ਹੈ। ਇਕੋ ਦਾਦੇ ਦੇ ਪੋਤੇ ਨੇ, ਇਕ ਨੇ ਚਿੱਟੀ ਬੰਨ ਰੱਖੀ ਏ ਦੂਜੇ ਨੇ ਨੀਲੀ। ਚੋਣਾਂ ਵੇਲੇ ਵੱਖ–ਵੱਖ ਹੁੰਦੇ ਨੇ ਪਰ ਵਿਚੋਂ ਇਕ ਹੁੰਦੇ ਨੇ। ਇਕ ਦੀਆਂ ਮੱਝਾਂ ਗੇਜਾ ਚਾਰਦਾ ਹੈ ਤੇ ਦੂਜੇ ਦੀਆਂ ਮੇਜਾ। ਇਕ ਹੋ ਗਏ ਨੇ, ਉਹ ਮੱਝਾਂ ਨਹੀਂ ਚਾਰਨਗੇ, ਉਹ ਹੁਣ ਨਕਸਲਬਾੜੀਏ ਹੋ ਗਏ ਨੇ।

ਜਥੇਦਾਰ : ਹੂੰ ਮੱਝਾਂ ਨਹੀਂ ਚਾਰਨਗੇ, ਨਕਸਲਬਾੜੀਏ ਹੋ ਗਏ ਨੇ, ਥਾਣੇਦਾਰ ਨੂੰ ਆਖ ਕੇ ਇਨ੍ਹਾਂ ਦੇ ਚਿੱਤੜ ਕੁਟਵਾਓ ਆਪੇ ਨਕਸਲਬਾੜੀ ਦਾ ਭੂਤ ਨਿਕਲ ਜਾਏਗਾ।

ਸਰਦਾਰ : ਉਹ ਤਾਂ ਮੈਂ ਕਰਵਾਵਾਂਗਾ ਹੀ ਥਾਣੇਦਾਰ ਨੂੰ ਸੁਨੇਹਾ ਵੀ ਭਿਜਵਾਇਆ ਏ, ਉਹ ਆਉਂਦਾ ਹੀ ਹੋਣਾ ਏ, ਪਰ ਪਿੰਡ ਵਿਚ ਇਸ ਬਿਮਾਰੀ ਦੀ ਜੜ੍ਹ ਏ ਮਾਸਟਰ ਤਰਸੇਮ

*(ਸਰਪੰਚ ਆਉਂਦਾ ਹੈ।)*

ਸਰਪੰਚ : (ਦੋਨਾਂ ਨੂੰ ਵੇਖ ਕੇ ਪਾਸੇ ਹੋ ਕੇ ਗੱਲ ਕਰਦਾ ਏ) ਪੰਥ ਤੇ ਦੇਸ਼ ਦੋਨੋਂ ਇਕੱਠੇ ਬੈਠੇ ਨੇ, ਖੈਰ ਹੋਵੇ (ਉੱਚੀ ਸਾਰੀ) ਜਥੇਦਾਰ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ, ਪੰਥ ਦੀ ਜਿੱਤ ਹੋਵੇ, ਸਰਦਾਰ ਜੀ ਜੈ ਹਿੰਦ, ਦੇਸ਼ ਦੀ ਜਿੱਤ ਹੋਵੇ, ਕੀਹਦੀ ਗੱਲ ਪਏ ਕਰਦੇ ਹੋ ?

ਸਰਦਾਰ : ਦੇਖ ਲਵੋ, ਹੁਣ ਆਪਣਾ ਸਰਪੰਚ ਵੀ ਟਿਚਕਰ ਕਰਦਾ ਏ।

ਜਥੇਦਾਰ : ਨਵਾਂ–ਨਵਾਂ ਖ਼ੂਨ ਏ, ਕਰ ਲਵੇ ਆਖਰ ਆਉਣਾ ਤੇ ਇਹਨੇ ਸਾਡੀ ਵਾਲੀ ਲਾਈਨ 'ਤੇ ਈ ਆ।

ਸਰਪੰਚ : ਟਿਚਕਰ ਵਾਲੀ ਗੱਲ ਨਹੀਂ ਵੱਡਿਓ ਬਾਈਓ, ਸੂਬੇ 'ਚ ਸਰਕਾਰ ਚਲਦੀ ਏ ਪੰਥ ਵਾਲਿਆਂ ਦੀ, ਜਿਨ੍ਹਾਂ ਨੇ ਵੋਟ ਲਈ 'ਪੰਥ ਖਤਰੇ ਵਿਚ ਹੈ' ਨਾਅਰੇ ਥੱਲੇ ਤੇ ਦੇਸ਼ ਵਿਚ ਸਰਕਾਰ ਚਲਦੀ ਏ ਖੱਦਰ ਵਾਲਿਆਂ ਦੀ ਜਿਨ੍ਹਾਂ ਨੇ ਵੋਟ ਲਈ 'ਦੇਸ਼ ਖਤਰੇ ਵਿਚ ਹੈ' ਨਾਅਰੇ

ਥੱਲੇ। ਅਸੀਂ ਤਾਂ ਦੋਨਾਂ ਦੀ ਹੀ ਜੈ ਕਰਨੀ ਹੋਈ। ਬਾਕੀ ਤੁਸੀਂ ਗੱਲ ਕੀਹਦੀ ਕਰਦੇ ਪਏ ਸੀ? ਮਾਸਟਰ ਤਰਸੇਮ ਦੀ? ਉਹਨੇ ਤਾਂ ਵਾਕਿਆਂ ਹੀ ਬੜੀ ਅੱਤ ਚੁੱਕੀ ਹੋਈ ਏ, ਵਿਹੜੇ ਵਿਚ ਮੀਟਿੰਗਾਂ ਕਰਦਾ ਏ ਤੇ ਸ਼ਰ੍ਹੇਆਮ ਕਹਿੰਦਾ ਫਿਰਦੈ ਏ, ਅਸੀਂ ਸਾਰੇ ਚੋਰ ਹਾਂ।

ਸਰਦਾਰ : ਸਾਰੇ ਕੌਣ?

ਸਰਪੰਚ : ਅਸੀਂ ਤੁਸੀਂ।

ਜਥੇਦਾਰ : ਉਹ ਤੁਹਾਡੇ ਵਿਚ ਸਾਨੂੰ ਕਿਉਂ ਸ਼ਾਮਲ ਕਰਦਾ ਏ? ਅਸੀਂ ਤਾਂ ਪੰਚਾਇਤ ਫੰਡ ਵਿਚੋਂ ਕੁਝ ਨਹੀਂ ਖਾ ਗਏ?

ਸਰਪੰਚ : ਤੁਹਾਡਾ ਕੀ ਮਤਲਬ ਏ ਮੈਂ ਖਾ ਲਿਆ ਏ?

ਜਥੇਦਾਰ : ਇਹ ਮੈਂ ਕਦੋਂ ਕਿਹਾ ਏ?

ਸਰਦਾਰ : ਚੱਲ ਜੇ ਖਾ ਵੀ ਲਿਆ ਏ, ਸਾਨੂੰ ਤਾਂ ਕੋਈ ਇਤਰਾਜ਼ ਨਹੀਂ, ਅਖੀਰ ਬੰਦਾ, ਸਰਪੰਚ ਕੋਈ ਪਿੰਡ ਦੀਆਂ ਨਾਲੀਆਂ ਸਾਫ਼ ਕਰਨ ਲਈ ਥੋੜਾ ਬਣਦਾ ਏ, ਰਲ ਮਿਲ ਕੇ ਹੀ ਸਾਰੇ ਕੰਮ ਚਲਦੇ ਨੇ, ਹੁਣ ਆਪਣੇ ਜਥੇਦਾਰ ਗੁਰਦੁਆਰੇ ਦੇ ਪ੍ਰਧਾਨ ਸਿਰਫ਼ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਥੋੜ੍ਹੇ ਬਣੇ ਨੇ? ਪੰਥ ਦੇ ਹਿਤੈਸ਼ੀ ਨੇ, ਜੇਕਰ ਪੰਥ ਦੀ ਬੇਹਤਰੀ ਹੋਵੇਗੀ ਤਾਂ ਹੀ ਤਾਂ ਇਨ੍ਹਾਂ ਦੀ ਹੋਵੇਗੀ ਤੇ ਇਹ ਬੇਹਤਰੀ ਲਈ ਪੈਸਾ ਗੋਲਕ ਵਿਚੋਂ ਹੀ ਆਉਣਾ ਏ, ਹੋਰ ਕਿਧਰੋਂ ਤਾਂ ਨਈਂ ਆਉਣਾ।

ਜਥੇਦਾਰ : ਇਸੇ ਤਰ੍ਹਾਂ ਸਰਦਾਰ ਹੋਰਾਂ ਨੇ ਜੇ ਮੋਟਾ ਖੱਦਰ ਪਾਇਆ ਏ ਤਾਂ ਕੋਈ ਮਹਾਤਮਾ ਗਾਂਧੀ ਦੀ ਭਗਤੀ ਕਰਨ ਲਈ ਨਹੀਂ ਪਾਇਆ, ਕਿਸੇ ਖਾਸ ਮਤਲਬ ਈ ਹੀ ਪਾਇਆ ਏ।

*(ਗੇਜਾ ਬੋਤਲ ਅਤੇ ਨਮਕੀਨ ਵਗੈਰਾ ਰੱਖਦਾ ਹੈ ਤੇ ਫੇਰ ਪਾਸੇ ਜਾ ਕੇ ਕਹਿੰਦਾ ਹੈ।)*

ਗੇਜਾ : (ਪਾਸੇ ਤੋਂ) ਮਾਸਟਰ ਜਿਹੜਾ ਕਹਿੰਦਾ ਸੀ ਠੀਕ ਹੀ ਕਹਿੰਦਾ ਸੀ ਕਿ ਇਹ ਸਾਰੇ ਵਿਚੋਂ ਇਕ ਨੇ ਤੇ ਸਾਰੇ ਚੋਰ ਨੇ (ਜੀਪ ਰੁਕਣ ਦੀ ਅਵਾਜ਼ ਆਉਂਦੀ ਏ) ਲੈ ਜੀਪ ਵੀ ਆ ਗਈ। ਇਨ੍ਹਾਂ ਚੋਰਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਥਾਣੇਦਾਰ ਵੀ ਆ ਗਿਆ ਏ।

*(ਥਾਣੇਦਾਰ ਆਉਂਦਾ ਹੈ।)*

ਸਰਦਾਰ : ਆਓ ਚੌਧਰੀ ਸਾਹਿਬ, ਅਸੀਂ ਤੁਹਾਡੀ ਹੀ ਉਡੀਕ ਕਰ ਰਹੇ ਸੀ।

ਗੇਜਾ : (ਪਾਸੇ ਤੋਂ) ਆਹੋ ਚੰਡਾਲ ਚੌਕੜੀ ਤੁਹਾਥੋਂ ਬਿਨਾਂ ਕਿਸ ਤਰ੍ਹਾਂ ਪੂਰੀ ਹੋ ਸਕਦੀ ਸੀ।

ਥਾਣੇਦਾਰ : ਮੈਂ ਤਾਂ ਬਾਬਿਓ ਪਹਿਲਾਂ ਹੀ ਆ ਜਾਣਾ ਸੀ। ਤੁਰਨ ਲੱਗਿਆ

ਵਾਇਰਲੈਸ ਆ ਗਿਆ ਐਸ.ਐਸ.ਪੀ. ਸਾਹਿਬ ਵੱਲੋਂ।

ਸਰਦਾਰ : ਕੋਈ ਖਾਸ ਗੱਲ ਸੀ ?

ਥਾਣੇਦਾਰ : ਬਸ ਖੁਫੀਆ ਹਦਾਇਤਾਂ ਸਨ ਪਰ ਤੁਹਾਡੇ ਕੋਲੋਂ ਖੁਫੀਆ ਕਾਹਦੀਆਂ ? ਨਕਸਲਬਾੜੀਆਂ ਦੀਆਂ ਸਰਗਰਮੀਆਂ ਬਾਰੇ ਉੱਤੇ ਵਾਲੇ ਫਿਕਰਮੰਦ ਨੇ ਤੇ ਮੈਨੂੰ ਚੌਕਸੀ ਵਰਤਨ ਲਈ ਕਿਹਾ ਗਿਆ ਏ।

ਸਰਦਾਰ : ਤੇ ਅਸੀਂ ਵੀ ਤੁਹਾਡੇ ਨਾਲ ਇਹੋ ਗੱਲਾਂ ਸਾਂਝੀਆਂ ਕਰਨੀਆਂ ਨੇ, ਨਕਸਲਬਾੜੀ ਸਾਡੇ ਪਿੰਡ ਵਿਚ ਵੀ ਜਥੇਬੰਦੀ ਬਣਾ ਰਹੇ ਨੇ ਤੇ ਇਹਦਾ ਅਸਰ ਇਹ ਹੋਇਆ ਏ ਕਿ ਸਾਡੇ ਆਪਣੇ ਘਰ ਸਾਡੀਆਂ ਮੱਝਾਂ ਚਾਰਨ ਵਾਲਾ ਗੇਜਾ ਸਵੇਰੇ ਕਹਿਣ ਲੱਗਾ ਕਿ ਹਮ ਮੱਝਾਂ ਨਹੀਂ ਚਾਰਾਂਗੇ ਕਿਉਂਕ ਹਮ ਨਕਸਲਬਾੜੀ ਹੋ ਗਏ ਹੈਂ।

ਚੌਧਰੀ : ਸਰਦਾਰ ਜੀ ਕਿੰਨੇ ਸਾਲ ਤੋਂ ਤੁਹਾਡੀਆਂ ਮੱਝਾਂ ਪਿਆ ਚਾਰਦਾ ਏ, ਕੋਈ ਤਨਖਾਹ ਵਗੈਰਾ ਦੇ ਦਿਆ ਕਰੋ।

ਸਰਦਾਰ : ਇਹਦੇ ਬਾਪ ਨੇ ਇਹਦੀ ਭੈਣ ਵਿਆਹੁਣ ਵੇਲੇ ਪੂਰੇ ਚਾਰ ਹਜ਼ਾਰ ਲਿਆ ਸੀ ਤੇ ਹਾਲੀ ਤੱਕ ਇਕ ਪੈਸਾ ਨਹੀਂ ਮੋੜਿਆ।

ਜਥੇਦਾਰ : ਦਸ ਸਾਲ ਪਹਿਲਾ ਤਾਰਾ ਕੰਮ ਕਰਦਾ ਰਿਹਾ, ਹੁਣ ਦੋ ਸਾਲ ਤੋਂ ਇਹ ਕੰਮ ਕਰ ਰਿਹਾ ਏ, ਹਾਲੀ ਤੁਹਾਡਾ ਪੈਸਾ ਵਿਚੇ ਰਿਹਾ ?

ਸਰਦਾਰ : ਨਾ ਜਥੇਦਾਰ ਜੀ ਤੁਹਾਡੇ ਆਪਣੇ ਗੇਜੇ ਬਾਰੇ ਕੀ ਵਿਚਾਰ ਏ ? ਤੁਸੀਂ ਉਹਨੂੰ ਕਿੰਨੀ ਕੁ ਤਨਖਾਹ ਦਿੰਦੇ ਹੋ ?

ਚੌਧਰੀ : ਓ ਮੈਂ ਤਾਂ ਐਵੇਂ ਗੱਲ ਕੀਤੀ ਸੀ, ਤੁਸੀਂ ਮੇਹਣੇ ਦੇਣ ਲੱਗ ਪਏ। ਮਹਿਫਲ ਦਾ ਸਵਾਦ ਥੋੜਾ ਕਿਰਕਿਰਾ ਕਰਨਾ ਏ।

ਸਰਪੰਚ : ਆਹੋ, ਪਾਓ ਇਕ ਇਕ ਪੈਗ

*(ਪੈਗ ਪਾਉਂਦੇ ਹਨ।)*

ਪਿੱਠਭੂਮੀ ਤੋਂ ਅਵਾਜ਼ : ਤੇ ਇਸ ਤਰ੍ਹਾਂ ਮਹਿਫਲ ਚਲਦੀ ਰਹੀ। ਇਲਾਕੇ ਭਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਪੰਚਾਇਤ ਲਈ ਮਨਜ਼ੂਰ ਹੋਏ ਫੰਡਾਂ ਦੀਆਂ ਗੱਲਾਂ ਜਿਹੜਾ ਫੰਡ ਪਿੰਡ ਦੇ ਵਿਕਾਸ ਲਈ ਆਇਆ ਏ। ਇਹ ਕਿਸ-ਕਿਸ ਦੇ ਬੋਝੇ ਵਿਚ ਜਾਣਾ ਏ, ਇਹਦੇ ਬਾਰੇ ਟਿਚਕਰ ਵਿਚ ਵੀ ਗੱਲਾਂ ਹੋਈਆਂ ਤੇ ਸੰਜੀਦਗੀ ਵਿਚ ਵੀ ਹੋਈਆਂ। ਹੋਰ ਵੀ ਗੱਲਾਂ ਹੋਈਆਂ ਪਰ ਗੱਲ ਜਿਥੇ ਆ ਕੇ ਰੁਕੀ, ਉਹ ਇਹ ਸੀ ਕਿ ਤਰਸੇਮ ਦੇ ਚੱਕੇ ਚਕਾਏ ਜਿਹੜੇ ਵਿਹੜੇ ਵਾਲਿਆਂ ਨੂੰ ਪਰ ਲੱਗ ਰਹੇ ਨੇ ਉਹ ਫੌਰੀ ਤੌਰ 'ਤੇ ਕਾਰਵਾਈ ਕਰਕੇ ਕੱਟੇ ਜਾਣ। ਥਾਣੇਦਾਰ ਸਿਪਾਹੀ ਭੇਜ ਕੇ ਚਾਰ ਪੰਜ ਸਿਰ ਚੁੱਕ ਕੇ ਮੁੰਡਿਆਂ ਨੂੰ ਥਾਣੇ ਬੁਲਾਏ। ਦਹਿਸ਼ਤ ਪਾਈ ਜਾਏ ਤਾਂ ਜੋ ਮੀਟਿੰਗਾਂ ਵਾਲਾ ਸਿਲਸਿਲਾ ਬੰਦ

ਹੋਵੇ ਤਾਂ ਵਿਹੜੇ ਵਾਲੇ ਤਰਸੇਮ ਨੂੰ ਮੂੰਹ ਨਾ ਲਗਾਉਣ। ਆਖਰ ਪੁਲਿਸ ਦਾ ਇਹ ਫਰਜ਼ ਏ ਕਿ ਰੱਜੇ ਪੁੱਜੇ ਲੋਕਾਂ ਦੇ ਹਿੱਤਾਂ ਦੀ ਰਖਵਾਲੀ ਕਰੇ।ਉਨ੍ਹਾਂ ਦੇ ਜਾਨ ਤੇ ਮਾਲ ਦੀ ਰਖਵਾਲੀ ਕਰੇ, ਅੰਦਰ ਗਈ ਸ਼ਰਾਬ ਦੀ ਗਰਮੀਂ ਅਤੇ ਸਰੂਰ ਕਰਕੇ ਥਾਣੇਦਾਰ ਨੂੰ ਫੁਰਨਾ ਫੁਰਿਆ ਕਿ ਕੱਲ੍ਹ ਜੋ ਕੁਝ ਥਾਣੇ ਕਰਨਾ ਏ, ਉਹਦੀ ਥੋੜੀ ਬਹੁਤ ਰੀਹਰਸਲ ਇਥੇ ਹੀ ਕੀਤੀ ਜਾਏ। ਇਸ ਲਈ ਕੰਮ ਕਰਦੇ ਹੋਏ ਗੇਜੇ ਨੂੰ ਰੋਕਿਆ ਗਿਆ।

ਨੋਟ : (ਹੁਣ ਇਹ ਸੀਨ ਮਾਈਮ ਵਿਚ ਚਲਣਾ ਏ, ਸ਼ਰਾਬ ਪੀਣ ਦਾ, ਮਰਗੇ ਦੀਆਂ ਹੱਡੀਆਂ ਚੂਸਣ ਦਾ ਅਤੇ ਨਾਲ-ਨਾਲ ਗੱਲਾਂ ਕਰਨ ਦਾ। ਸੰਗੀਤ ਵੱਜਦਾ ਹੈ। ਫਰੀਜ਼ ਹੋਏ ਪਾਤਰ ਹਰਕਤ ਵਿਚ ਆਉਂਦੇ ਹਨ।)

ਥਾਣੇਦਾਰ : ਸਰਦਾਰ ਜੀ ਬਲਾਓ ਖਾਂ ਇਸ ਗੇਜੇ ਨੂੰ ਜ਼ਰਾ ਥੋੜੀ ਪੁੱਛ-ਗਿੱਛ ਕਰੀਏ।

ਸਰਦਾਰ : ਓ ਆ ਗਿਆ ਜੇ।

*(ਗੇਜਾ ਇਕ ਪਲੇਟ ਚੁੱਕ ਕੇ ਆਉਂਦਾ ਹੈ)*

ਥਾਣੇਦਾਰ : ਓਏ ਪਲੇਟ ਉਥੇ ਰੱਖ ਦੇ ਤੇ ਸਿੱਧਾ ਹੋ ਕੇ ਖਲੋ ਜਾ।

ਗੇਜਾ : ਕਿਉਂ ਮੇਰਾ ਕੀ ਕਸੂਰ ਏ, ਮੈਂ ਕਿਉਂ ਖਲੋ ਜਾਵਾਂ?

ਥਾਣੇਦਾਰ : ਉਹ ਵੀ ਦੱਸਦੇ ਹਾਂ, ਪਹਿਲਾਂ ਇਹ ਦੱਸ ਤੂੰ ਸਵੇਰੇ ਸਰਦਾਰ ਹੋਰਾਂ ਨੂੰ ਕਿਹਾ ਕਿ ਤੂੰ ਹੁਣ ਨਕਸਲਬਾੜੀ ਹੋ ਗਿਆ ਏ, ਹੁਣ ਤੂੰ ਇਹ ਕੰਮ ਨਈ ਕਰਨਾ।

ਗੇਜਾ : ਹਾਂ ਜੀ ਕਿਹਾ ਸੀ - ਤੇ ਸੱਚ ਹੀ ਕਿਹਾ ਸੀ।

ਥਾਣੇਦਾਰ : ਤੈਨੂੰ ਪਤਾ ਏ ਨਕਸਲਬਾੜੀ ਕੌਣ ਹੁੰਦੇ ਨੇ?

ਗੇਜਾ : ਸੱਚ-ਸੱਚ ਦੱਸ ਦੇਵਾਂ? ਮਾਰੋਗੇ ਤਾਂ ਨਹੀਂ?

ਥਾਣੇਦਾਰ : ਨਹੀਂ ਮਾਰਦੇ।

ਗੇਜਾ : ਨਕਸਲਬਾੜੀ ਉਹ ਹੁੰਦੇ ਨੇ ਜਿਹੜੇ ਪਹਿਲੇ ਸਵਾਲ ਕਰਦੇ ਨੇ ਕਿ ਥਾਣੇਦਾਰ ਜੀ, ਸਰਦਾਰ ਜੀ, ਜਥੇਦਾਰ ਜੀ, ਸਰਪੰਚ ਜੀ ਇਕੱਠੇ ਹੋ ਕੇ ਕਿਉਂ ਮਹਿਫਲ ਲਗਾਉਂਦੇ ਨੇ, ਮਹਿਫਲ 'ਚ ਜਿਹੜੀ ਸ਼ਰਾਬ ਆਉਂਦੀ ਏ, ਜਿਹੜੇ ਮੁਰਗੇ ਆਉਂਦੇ ਨੇ, ਉਹ ਕਿਥੋਂ ਆਉਂਦੇ ਨੇ?

ਥਾਣੇਦਾਰ : ਕਿਥੋਂ ਆਉਂਦੇ ਨੇ?

ਗੇਜਾ : ਉਹ ਲੋਕਾਂ ਦੀ ਲਹੂ ਪਸੀਨੇ ਦੀ ਕਮਾਈ ਵਿਚੋਂ ਆਉਂਦੇ ਨੇ।

ਥਾਣੇਦਾਰ : ਇਹ ਤੁਹਾਨੂੰ ਕਿਸ ਨੇ ਦੱਸਿਆ ਏ?

ਗੇਜਾ : ਇਹ ਸਾਨੂੰ ਮਾਸਟਰ ਤਰਸੇਮ ਨੇ ਦੱਸਿਆ ਹੇ।

ਸਰਦਾਰ : ਵੇਖ ਲਓ ਇਕ ਦਮ ਬਕ ਪਿਆ ਏ।

ਥਾਣੇਦਾਰ : ਅਸੀਂ ਵੱਡਿਆਂ-ਵੱਡਿਆਂ ਨੂੰ ਬਕਾ ਲਈਏ, ਇਹ ਤਾਂ ਭਲਾ ਚੀਜ਼ ਕੀ ਏ ? (ਗੇਜੇ ਨੂੰ) ਹੋਰ ਉਹਨੇ ਕੀ ਦੱਸਿਆ ?

ਗੇਜਾ : ਕੁਝ ਬੋਲ ਵੀ ਸਿਖਾਏ ਜਿਹੜੇ ਗਾ ਕੇ ਬੋਲੇ ਜਾਂਦੇ ਨੇ।

ਥਾਣੇਦਾਰ : ਕਿਹੜੇ ?

ਗੇਜਾ : ਗਲੀ ਗਲੀ 'ਚੋਂ ਆਈ ਅਵਾਜ਼, ਨਕਸਲਬਾੜੀ ਜ਼ਿੰਦਾਬਾਦ
ਹਰ ਕਾਮੇ ਦਾ ਇਹੀਓ ਰਾਗ, ਨਕਸਲਬਾੜੀ ਜ਼ਿੰਦਾਬਾਦ
ਦੱਬੇ ਹੋਏ ਇਨਸਾਨ ਨੇ ਉੱਠੇ, ਬੇ ਧਰਤੀ ਕਿਸਾਨ ਨੇ ਉੱਠੇ
ਗਾਵਨ ਇਹੀਓ ਰਾਗ, ਨਕਸਲਬਾੜੀ ਜ਼ਿੰਦਾਬਾਦ
ਕਾਗਜ਼ ਦੀ ਸੀਂਹ ਕੰਬ ਰਹੇ ਨੇ, ਕਿਰਤੀ ਲੇਖਾ ਮੰਗ ਰਹੇ ਨੇ
ਮੁੱਢ ਕਦੀਮੋਂ ਲਹੂ ਜੋ ਪੀਤਾ, ਲੈਣਾ ਸਣੇ ਵਿਆਜ
ਨਕਸਲਬਾੜੀ ਜ਼ਿੰਦਾਬਾਦ

ਸਰਦਾਰ : ਓਏ ਚੁੱਪ ਕਰ ਬਦਜਾਤਾ।

ਜਥੇਦਾਰ : ਸਾਰਾ ਮਜ਼ਾ ਖਰਾਬ ਕਰ ਦਿੱਤੈ।

ਸਰਪੰਚ : ਪੀਤੀ ਹੋਈ ਸਾਰੀ ਲਾਹ ਦਿੱਤੀ ਏ।

ਥਾਣੇਦਾਰ : ਖਾਧਾ ਮੁਰਗਾ ਬਾਹਰ ਆਉਣ ਨੂੰ ਫਿਰਦਾ ਏ।

ਨੋਟ : (ਹੁਣ ਗੀਤ ਦੀਆਂ ਅਵਾਜ਼ਾਂ ਚਾਰੇ ਪਾਸੇ ਤੋਂ ਗੂੰਜਦੀਆਂ ਹਨ, ਚਾਰਾਂ ਨੂੰ ਭਾਜੜਾਂ ਪੈਂਦੀਆਂ ਹਨ। ਡਰ ਅਤੇ ਭੈਅ ਦੇ ਐਕਸ਼ਨ ਵਿਚ ਹੀ ਉਹ ਬਾਹਰ ਜਾਂਦੇ ਹਨ। ਸੰਗੀਤ ਵੱਜਦਾ ਹੈ। ਗੇਜਾ ਮੇਜ 'ਤੇ ਪਈਆਂ ਬੋਤਲਾਂ ਅਤੇ ਪਲੇਟਾਂ ਨੂੰ ਚੁੱਕਦਾ ਹੈ।)

ਗੇਜਾ : ਸੱਚ ਜਦੋਂ ਗੂੰਜ ਬਣ ਕੇ ਸਾਰੇ ਪਾਸੇ ਗੂੰਜਦਾ ਹੈ ਤਾਂ ਕੁਰਸੀਆਂ ਵਾਲਿਆਂ ਨੂੰ ਭਾਜੜਾਂ ਪੈ ਜਾਂਦੀਆਂ ਹਨ ਤੇ ਉਹ ਕੁਰਸੀਆਂ ਛੱਡ ਕੇ ਨੱਸਦੇ ਹਨ। ਸੀਨ ਖਤਮ ਹੁੰਦਾ ਹੈ।

## ਸੀਨ ਪੰਜਵਾਂ

ਨੋਟ : (ਸਕੂਲ ਦੇ ਹੈੱਡ ਮਾਸਟਰ ਦਾ ਕਮਰਾ। ਸਕੂਲ ਦਾ ਵਾਤਾਵਰਨ ਸਥਾਪਤ ਕਰਨ ਲਈ ਸਕੂਲ ਦੀ ਘੰਟੀ ਵੱਜਦੀ ਹੈ। ਹੈੱਡ ਮਾਸਟਰ, ਕਿਸ਼ਨ ਲਾਲ ਨਾਲ ਗੱਲਾਂ ਕਰਦਾ ਹੋਇਆ ਦਾਖ਼ਲ ਹੁੰਦਾ ਹੈ।

ਕਿਸ਼ਨ ਲਾਲ : ਹੈੱਡਮਾਸਟਰ ਸਾਹਿਬ ਅਸੀਂ ਬੱਚਿਆਂ ਨੂੰ ਸਕੂਲ ਵਿਜ ਪੜ੍ਹਣ ਲਈ ਭੇਜਦੇ ਹਾਂ। ਇਸ ਲਈ ਨਹੀਂ ਭੇਜਦੇ ਕਿ ਉਹ ਗੁੰਡੇ ਕਿਸਮ ਦੇ ਬੱਚਿਆਂ ਕੋਲੋਂ ਮਾਰ ਖਾਣ।

ਹੈੱਡਮਾਸਟਰ : ਪਰ ਲਾਲਾ ਜੀ ਗੱਲ ਕੀ ਹੋਈ ਏ ?

ਕਿਸ਼ਨ ਲਾਲ : ਸਾਡਾ ਪੱਪੂ ਜੋ ਸੱਤਵੀਂ ਜਮਾਤ ਵਿਚ ਪੜ੍ਹਦਾ ਏ। ਉਸ ਨੂੰ ਕਲਾਸ ਰੂਮ ਵਿਚ ਕੁਝ ਮੁੰਡਿਆਂ ਨੇ ਰਲ ਕੇ ਕੁੱਟਿਆ ਏ ਤੇ ਉਸਦੇ ਕੋਲੋਂ ਟਾਫੀਆਂ ਵੀ ਖੋਹੀਆਂ ਨੇ। ਪੱਪੂ ਨੇ ਇਹ ਵੀ ਦੱਸਿਆ ਹੈ ਕਿ ਟਾਫੀਆਂ ਖੋਹਣ ਵਾਲੇ ਬੱਚਿਆਂ ਨੂੰ ਤੁਹਾਡੇ ਕਿਸੇ ਮਾਸਟਰ ਤਰਸੇਮ ਨੇ ਸ਼ਾਬਾਸ਼ ਵੀ ਦਿੱਤੀ ਏ।

ਹੈੱਡਮਾਸਟਰ : ਮਾਸਟਰ ਤਰਸੇਮ ਤਾਂ ਪੜ੍ਹਾਉਣ ਵਿਚ ਸਾਡੇ ਸਾਰਿਆਂ ਨਾਲੋਂ ਚੰਗੇ ਮਾਸਟਰ ਨੇ।

ਕਿਸ਼ਨ ਲਾਲ : ਮੈਂ ਪੜ੍ਹਾਉਣ ਦੀ ਗੱਲ ਨਹੀਂ ਕਰ ਰਿਹਾ ਸਗੋਂ ਇਹ ਗੱਲ ਕਰ ਰਿਹਾ ਹਾਂ ਕਿ ਪੱਪੂ ਨੂੰ ਕੁਝ ਮੁੰਡਿਆ ਨੇ ਮਾਰਿਆ, ਉਹਦੇ ਕੋਲੋਂ ਟਾਫੀਆਂ ਖੋਹੀਆਂ ਅਤੇ ਮਾਸਟਰ ਤਰਸੇਮ ਨੇ ਉਨ੍ਹਾਂ ਮੁੰਡਿਆਂ ਨੂੰ ਸਾਬਾਸ਼ ਦਿੱਤੀ। ਸਾਰੀ ਮੰਡੀ ਵਿਚ ਇਸ ਗੱਲ ਦੀ ਚਰਚਾ ਏ।

*(ਮਾਸਟਰ ਤਰਸੇਮ ਆਉਂਦਾ ਹੈ।)*

ਹੈੱਡਮਾਸਟਰ : ਲਓ ਮਾਸਟਰ ਤਰਸੇਮ ਆਪ ਹੀ ਆ ਗਏ ਨੇ ਤੁਹਾਡੇ ਸਾਹਮਣੇ ਹੀ ਪੁੱਛ ਲੈਂਦੇ ਹਾਂ।

ਤਰਸੇਮ : ਹੈੱਡਮਾਸਟਰ ਸਾਹਿਬ, ਮੈਂ ਲਾਲਾ ਜੀ ਦੀ ਸਾਰੀ ਗੱਲ ਸੁਣ ਲਈ ਏ। ਇਨ੍ਹਾਂ ਦਾ ਪੱਪੂ ਹਰ ਰੋਜ਼ ਬੋਝਾ ਭਰ ਕੇ ਟਾਫੀਆਂ ਦਾ ਲੈ ਆਉਂਦਾ ਹੈ। ਟਾਫੀਆਂ ਖਾ-ਖਾ ਕੇ ਉਨ੍ਹਾਂ ਦੇ ਕਾਗਜ ਬਾਕੀ ਬੱਚਿਆਂ ਨੂੰ ਵਿਖਾ ਕੇ ਸੁੱਟਦਾ ਏ, ਜਿਸ ਤਰ੍ਹਾਂ ਉਨ੍ਹਾਂ ਨੂੰ ਚਿੜਾ ਰਿਹਾ ਹੋਵੇ ਕਿ ਵੇਖੋ ਮੇਰੇ ਕੋਲ ਟਾਫੀਆਂ ਹਨ, ਤੁਹਾਡੇ ਕੋਲ ਨਹੀਂ।

ਕਿਸ਼ਨ ਲਾਲ : ਇਸ ਵਿਚ ਚਿੜਾਉਣ ਵਾਲੀ ਕੀ ਗੱਲ ਹੋਈ ? ਟਾਫੀਆਂ ਖਾਣੀਆਂ ਕੋਈ ਗੁਨਾਹ ਤਾਂ ਨਹੀਂ ?

ਤਰਸੇਮ : ਟਾਫੀਆਂ ਖਾਣੀਆਂ ਆਪਣੇ ਆਪ ਵਿਚ ਗੁਨਾਹ ਨਹੀਂ ਪਰ ਕਿਸੇ ਗੱਲ ਦਾ ਹੋਛਾ ਪ੍ਰਗਟਾਵਾ ਗੁਨਾਹ ਬਣ ਜਾਂਦਾ ਹੈ। ਇਹ ਕਿਸ ਤਰ੍ਹਾਂ ਬਣ ਜਾਂਦਾ ਹੈ ਇਹਦੀ ਇਕ ਮਿਸਾਲ ਨਾਲ ਦਿੰਦਾ ਹਾਂ - ਰਾਤ ਮੰਡੀ ਵਿਚ ਤੁਹਾਡੇ ਘਰਾਂ ਵਿਚੋਂ ਕਿਸੇ ਦੀ ਬੇਟੀ ਦਾ ਵਿਆਹ ਸੀ, ਪਰ ਜਿਸ ਸ਼ਾਨ ਨਾਲ ਸਾਰੀ ਮੰਡੀ ਵਿਚ ਜਗਮਗ ਹੋਈ ਹੋਈ ਸੀ, ਉਸਨੇ ਇਕ ਗਰੀਬ ਰਿਕਸ਼ਾ ਵਾਲੇ ਨੂੰ ਬੜੀ ਤਕਲੀਫ ਪਹੁੰਚਾਈ, ਜਿਹੜਾ ਆਪਣੀ ਗਰੀਬੀ ਕਰਕੇ ਆਪਣੀ ਧੀ ਦੇ ਹੱਥ ਪੀਲੇ ਨਹੀਂ ਕਰ ਸਕਦਾ ਸੀ। ਹੁਣ ਤੁਸੀਂ ਆਖੋਗੇ ਕਿ ਇਹ ਕਿਸੇ ਦਾ ਨਿੱਜੀ ਮਾਮਲਾ ਏ ਕਿ ਉਹ ਆਪਣੀ ਧੀ ਦੇ ਵਿਆਹ 'ਤੇ ਇਕ ਬਿਜਲੀ ਜਗਾਏ ਜਾਂ ਸੌ ਬਿਜਲੀਆਂ ਜਗਾਏ ਪਰ ਇਹ ਨਿੱਜੀ ਮਾਮਲਾ ਹੀ ਬਹੁਤ ਹਾਲਤਾਂ ਵਿਚ ਦੌਲਤ ਦਾ ਹੋਛਾ ਪ੍ਰਗਟਾਵਾ ਇਕ ਸਮਾਜਕ

ਗੁਨਾਹ ਬਣ ਜਾਂਦਾ ਹੈ, ਜੋ ਦੂਜਿਆਂ ਨੂੰ ਮਾਨਸਿਕ ਤਕਲੀਫ ਪਹੁੰਚਾਉਂਦਾ ਹੈ।

ਕਿਸ਼ਨ ਲਾਲ : ਪਰ ਇਸ ਗੱਲ ਦਾ ਪੱਪੂ ਦੀਆਂ ਟਾਫੀਆਂ ਨਾਲ ਕੀ ਤਾਅਲੁਕ ?

ਤਰਸੇਮ : ਤਾਅਲੁਕ ਬਿਲਕੁਲ ਸਾਫ਼ ਏ। ਪੱਪੂ ਦਾ ਟਾਫੀਆਂ ਨਾਲ ਭਰਿਆ ਬੋਝਾ ਬਾਕੀ ਮੁੰਡਿਆਂ ਲਈ ਮਾਨਸਿਕ ਤਕਲੀਫ ਦਾ ਕਾਰਨ ਸੀ। ਕੱਲ ਉਨ੍ਹਾਂ ਨੇ ਸਲਾਹ ਬਣਾਈ, ਪੱਪੂ ਨੂੰ ਢਾਹ ਲਿਆ ਉਹਦੀਆਂ ਟਾਫੀਆਂ ਖੋਹ ਕੇ ਆਪਸ ਵਿਚ ਵੰਡ ਲਈਆਂ ਅਖੇ ਜੇ ਖਾਣਗੇ ਤਾਂ ਸਾਰੇ ਖਾਣਗੇ ਨਹੀਂ ਤਾਂ ਉਹ ਵੀ ਨਹੀਂ ਖਾਏਗਾ। ਯਾਨੀ ਉਨ੍ਹਾਂ ਨੇ ਰਲ ਕੇ ਉਹ ਕਰ ਵਿਖਾਇਆ ਜੋ ਗਰੀਬ ਰਿਕਸ਼ਾ ਵਾਲਾ ਰਤੀ ਨਾ ਕਰ ਸਕਿਆ।

ਕਿਸ਼ਨ ਲਾਲ : ਲਓ ਹੈੱਡਮਾਸਟਰ ਸਾਹਿਬ ਹੁਣ ਸਾਹਮਣੇ ਸੁਣ ਲਵੋ ਤੁਸੀਂ ਤਾਂ ਕਹਿੰਦੇ ਸੀ ਕਿ ਤੁਹਾਡਾ ਇਹ ਮਾਸਟਰ ਤਾਂ ਬੜਾ ਚੰਗਾ ਪੜ੍ਹਾਉਣ ਵਾਲਾ ਏ। ਇਹ ਬੱਚਿਆਂ ਨੂੰ ਇਹ ਪੜ੍ਹਾਉਂਦੇ ਨੇ ਕਿ ਦੂਜਿਆਂ ਦੀਆਂ ਚੀਜ਼ਾਂ ਖੋਹ ਲਵੋ। ਪਰ ਇਹ ਮਾਮਲਾ ਹੁਣ ਇਥੇ ਮੁੱਕਣ ਵਾਲਾ ਨਈ, ਇਹ ਉਤੋਂ ਤੱਕ ਜਾਏਗਾ।

*(ਗੁੱਸੇ ਨਾਲ ਬਾਹਰ ਜਾਂਦਾ ਹੈ।)*

ਹੈੱਡਮਾਸਟਰ : ਮਾਸਟਰ ਤਰਸੇਮ, ਇਹ ਗੱਲ ਕੋਈ ਚੰਗੀ ਨਹੀਂ ਹੋਈ। ਤੁਹਾਡੀਆਂ ਸਾਰੀਆਂ ਗੱਲਾਂ ਠੀਕ ਹੋ ਸਕਦੀਆਂ ਹਨ। ਬੱਚਿਆ ਨੂੰ ਪੜ੍ਹਾਉਣਾ ਸਾਡਾ ਫਰਜ਼ ਏ। ਉਨ੍ਹਾਂ ਨੂੰ ਕਮਿਊਨਿਸਟ ਬਣਾਉਣਾ ਜਾਂ ਇਨਕਲਾਬੀ ਬਣਾਉਣਾ ਸਾਡਾ ਫਰਜ਼ ਨਹੀਂ।

ਤਰਸੇਮ : ਪੜ੍ਹਦਿਆਂ-ਪੜ੍ਹਦਿਆਂ ਜੇਕਰ ਉਨ੍ਹਾਂ ਨੂੰ ਕੁਝ ਸਮਾਜਿਕ ਸਚਾਈਆਂ ਵੀ ਪਤਾ ਲੱਗ ਜਾਣ ਤਾਂ ਮੈਂ ਇਸ ਵਿਚ ਕੋਈ ਹਰਜ਼ ਨਹੀਂ ਸਮਝਦਾ।

ਹੈੱਡਮਾਸਟਰ : ਇਹ ਤਾਂ ਸਰਾਸਰ ਐਨਿਆਂ ਏ। ਮੈਨੂੰ ਅਫ਼ਸੋਸ ਏ ਕਿ ਮੈਨੂੰ ਇਹ ਮਾਮਲਾ ਆਪ ਈ ਉਤੇ ਤੱਕ ਦੱਸਣਾ ਪਏਗਾ।

ਤਰਸੇਮ : ਤੇ ਮੇਰੇ ਕੋਲੋਂ ਜੇਕਰ ਪੁੱਛਿਆ ਜਾਏਗਾ ਤਾਂ ਮੈਂ ਉੱਤੇ ਵੀ ਇਹੀ ਜੁਆਬ ਦੇਵਾਂਗਾ। ਸਮਾਜਿਕ ਸਚਾਈਆਂ ਬਾਰੇ ਆਪਣੇ ਵਿਦਿਆਰਥੀਆਂ ਨੂੰ ਸਮਝਾਉਣਾ ਸਾਰੇ ਅਧਿਆਪਕਾਂ ਦਾ ਫਰਜ਼ ਏ।

*(ਇਸੇ ਐਕਸ਼ਨ ਵਿਚ ਫਰੀਜ਼ ਹੁੰਦੇ ਹਨ ਜਦੋਂ ਪਿੱਠ ਭੂਮੀ ਤੇ ਬਣਦੀ ਵਿਚੋਂ ਹੇਠਲਾ ਪੈਰਾ ਬੋਲਿਆ ਜਾਂਦਾ ਹੈ।)*

ਪਿੱਠਭੂਮੀ : ਕਿਉਂ ਕੁਝ ਬੱਚੇ ਖਾਂਦੇ-ਪੀਂਦੇ ਅਮੀਰਾਂ ਦੇ ਇੰਨੇ ਬਾਕੀ ਬਾਲ ਸਭੇ ਗੁਰਬਤ ਦਿਆਂ ਤੀਰਾਂ ਦੇ, ਚਾਹ ਦੀ ਘੁੱਟ ਪੀ ਆਂਵਦੇ, ਪਿੰਡਿਆਂ

’ਤੇ ਲੀਰਾਂ।
ਇਹ ਵੀ ਮਿਲੇ ਨਾ ਇਨ੍ਹਾਂ ਨੂੰ, ਫੁੱਟੀਆਂ ਨੇ ਤਕਦੀਰਾਂ
ਦੋ ਜਗਤ ਵਸੇਂਦੇ ਪਿੰਡ ਵਿਚ, ਵੱਖ-ਵੱਖ ਤਸਵੀਰਾਂ ਇਕ ਸੁੱਕੀ ਰੋਟੀ ਖਾਂਵਦੇ, ਇਕ ਹਲਵੇ-ਖੀਰਾਂ, ਲੋਕੀ ਕਿਸਮਤ ਨੂੰ ਬਹਿ ਰੋਵਦੇ , ਪਿਆਵਣ ਗੁਰ ਪੀਰ, ਹੈ ਜਕੜਿਆ ਦਿਲੋ ਦਿਮਾਗ ਨੂੰ ਅਦਿੱਖ ਜੰਜ਼ੀਰਾਂ, ਨਿਜ ਸੋਚੋ ਬਾਵਾ, ਲਭੀਏ ਕੋਈ ਅਕਸੀਰਾਂ ਨੂੰ ਇਹ ਹੋਣ ਨਿਰੋਏ, ਦਿਲ ਦਿਮਾਗ, ਕਹੀਏ ਤਕਦੀਰਾਂ ਨੂੰ।

## ਸੀਨ ਛੇਵਾਂ

(ਪਿੰਡ ਦਾ ਘਰ...ਮਾਂ ਕੰਮ ਕਰ ਰਹੀ ਹੈ।)

ਤਾਰਾ : ਮਾਸਟਰ ਕਿਥੇ ਏ, ਘਰ ਆਇਆਂ ਕਿ ਨਹੀਂ ?

ਮਾਂ : ਅੰਦਰ ਏ ਸਕੂਲੋਂ ਆਇਆ, ਨਾ ਕੁਝ ਖਾਧਾ ਨਾ ਪੀਤਾ, ਬਸ ਆ ਕੇ ਅੰਦਰ ਪੈ ਗਿਆ ਏ, ਅਖੇ ਚਿੱਤ ਰਾਜੀ ਨਹੀਂ।

ਤਾਰਾ : ਚਿਤ ਕਿਵੇਂ ਰਾਜੀ ਹੋਵੇ ? ਇਸ ਅਨਰਥ ਦੇ ਬਾਅਦ ਭਲਾ ਚਿੱਤ ਕਿਵੇਂ ਰਾਜੀ ਰਹਿ ਸਕਦਾ ਏ ?

ਮਾਂ : ਪਰ ਹੋਇਆ ਕੀ ਏ ?

ਤਾਰਾ : ਤੈਨੂੰ ਨਹੀਂ ਪਤਾ ?

ਮਾਂ : ਨਈ ਤਾਂ

ਤਾਰਾ : ਆਖਦੇ ਬਾਬੇ ਨੂੰ ਉਹਦੇ ਪਿੰਡ ਦੇ ਬਾਹਰ ਪੁਲਿਸ ਨੇ ਝੂਠਾ ਮੁਕਬਲਾ ਬਣਾ ਕੇ ਮਾਰ ਦਿੱਤਾ ਏ।

ਮਾਂ : ਝੂਠੇ ਮੁਕਾਬਲੇ ਵਿਚ ? ਮੈਨੂੰ ਸਾਰੀ ਗੱਲ ਦੱਸ ਭਰਾਵਾ ਮੇਰੇ ਨਾਲ ਤਾਂ ਉਨ੍ਹਾਂ ਦਾ ਪਿਆਰ ਹੀ ਬਹੁਤ ਸੀ।

ਤਾਰਾ : ਮੈਂ ਤਾਂ ਉਥੋਂ ਹੋ ਕੇ ਆਇਆਂ ਹਾਂ। ਪਿੰਡ ਵਾਲਿਆਂ ਦੱਸਿਆ ਕਿ ਪੁਲਿਸ ਵਾਲੇ ਅੱਧੀ ਰਾਤ ਆਏ ਕਿਸੇ ਮੁਖਬਰ ਨੇ ਉਨ੍ਹਾਂ ਨੂੰ ਇਤਲਾਹ ਦਿੱਤੀ ਸੀ। ਦਿਆ ਸਿੰਘ ਨਾਂ ਦਾ ਨਕਸਲੀ ਆਗੂ ਉਨ੍ਹਾਂ ਨੂੰ ਮਿਲਣ ਆਇਆ ਏ। ਉਨ੍ਹਾਂ ਨੇ ਸਾਰੇ ਪਿੰਡ ਨੂੰ ਘੇਰਿਆ ਤੇ ਬਾਬੇ ਦੇ ਘਰੋਂ ਬਾਬੇ ਅਤੇ ਦਿਆ ਸਿੰਘ ਦੋਹਾਂ ਨੂੰ ਫੜਿਆ। ਰੌਲਾ-ਗੌਲਾ ਸੁਣ ਕੇ ਪਿੰਡ ਸਾਰਾ ਜਾਗ ਪਿਆ। ਲੋਕਾਂ ਦੁਆਈ ਪਾਈ ਕਿ ਬਾਬੇ ਨੂੰ ਤਾਂ ਛੱਡ ਦਿਓ, ਇਹ ਭਗਤ ਬੰਦਾ ਏ, ਗੁਰੂ ਕਾ ਸਿੱਖ, ਦੇਸ਼ ਭਗਤ, ਇਹਨੇ ਕਦੇ ਕਿਸੇ ਦਾ ਦਿਲ ਨਹੀਂ ਦੁਖਾਇਆ, ਕਦੀ ਹਿੰਸਾ ਦੀ ਕੋਈ ਗੱਲ ਨਈ ਕੀਤੀ, ਗੋਰੇ ਦੀਆਂ ਜੇਲ੍ਹਾਂ ਵਿਚ ਇਹਨੇ ਉਮਰ ਬਿਤਾਈ, ਕੀ ਅਜ਼ਾਦੀ ਲਈ ਲੜਣ ਦਾ ਇਹ ਸਿਲਾ ਏ ?

ਪਰ ਹਤਿਆਰਿਆਂ ਨੇ ਕੋਈ ਸੁਣਵਾਈ ਨਾ ਕੀਤੀ, ਪਿੰਡੋਂ ਬਾਹਰ ਲਿਆ ਕੇ ਦੋਹਾਂ ਦੀ ਅਲਖ ਮੁਕਾ ਦਿੱਤੀ। ਹਥਿਆਰ ਆਪਣੇ ਕੋਲੋਂ ਰੱਖ ਕੇ ਇਹ ਗੱਲ ਧੁਮਾ ਦਿੱਤੀ ਕਿ ਉਨ੍ਹਾਂ ਕੋਲ ਹਥਿਆਰ ਸਨ ਤੇ ਉਹ ਪੁਲਿਸ ਦਾ ਮੁਕਾਬਲਾ ਕਰਦੇ ਮਾਰੇ ਗਏ।

*(ਬੁੱਢੀ ਮਾਈ ਗੁਗ ਦਿੱਤੀ ਆਉਂਦੀ ਹੈ। ਦੂਰੋਂ ਹੀ ਦੁਹਾਈ ਪਾਉਂਦੀ ਆਉਂਦੀ ਏ।)*

ਬੁੱਢੀ : ਉਏ ਲੋਕੋ ਮੈਨੂੰ ਬੁੱਢੜੀ ਨੂੰ ਵੀ ਕੁਝ ਦੱਸੋ ਕਿ ਕੀ ਹੋਇਆ ? (ਤਾਰੇ ਦਾ ਝਉਲਾ ਜਿਹਾ ਉਹਨੂੰ ਪੈਂਦਾ ਏ।) ਕੌਣ ਏ ? ਵਿਹੜੇ ਵਾਲਾ ਤਾਰਾ ਮੈਨੂੰ ਬੁੱਢੜੀ ਨੂੰ ਦਸੋ ਸੁਣਿਆ, ਉਨ੍ਹਾਂ ਬਾਬੇ ਨੂੰ ਮਾਰ ਮੁਕਾਇਆ ? (ਜਿਸ ਤਰ੍ਹਾਂ ਦਿੱਲੀ ਅਤੇ ਚੰਡੀਗੜ੍ਹ ਵਾਲੇ ਲੋਕਾਂ ਨੂੰ ਸੰਬੋਧਨ ਹੋ ਰਹੀ ਏ।) ਓਏ ਭੈੜਾ ਰਾਜ ਚਲਾਉਣ ਵਾਲਿਓ, ਉਏ ਦਿੱਲੀ ਤੇ ਚੰਡੀਗੜ੍ਹ ਬੈਠੇ ਹਾਕਮੋ, ਰਾਜ ਗਰੇਜਾਂ ਦਾ ਵੀ ਨਹੀਂ ਸੀ ਰਿਹਾ, ਤੁਹਾਡਾ ਵੀ ਨਈਂ ਰਹਿਣਾ... ਮੈਨੂੰ ਤੱਤੜੀ ਨੂੰ ਕਿਸੇ ਦੱਸਿਆ ਵੀ ਨਾ, ਉਹਦੀ ਦੇਹ 'ਤੇ ਫੁਲ ਪਾਉਂਦੀ ਵੇ ਮੇਰੇ ਸਿਰ ਦੇ ਸਾਈਂ ਦੇ ਸਾਥੀਆ, ਤੇਰੇ ਹਤਿਆਰਿਆਂ ਦੇ ਸਰੀਰ ਵਿਚ ਕੀੜੇ ਪੈਣ, ਉਹ ਤੜਪ-ਤੜਪ ਕੇ ਮਰਨ ਤੇ ਉਨ੍ਹਾਂ ਦੀ ਲਾਸ਼ 'ਤੇ ਰੋਣ ਵਾਲਾ ਵੀ ਕੋਈ ਨਾ ਹੋਵੇ। (ਤੁਰ ਪੈਂਦੀ ਹੈ।)

ਮਾਂ : ਬੇਬੇ ਬੈਠ ਤਾਂ ਜਾ

ਬੁੱਢੀ : ਨਈਂ ਮੈਂ ਨਈ ਬੈਠ ਸਕਦੀ। ਇਸ ਅਨਰਥ ਨੂੰ ਸੁਣਨ ਦੇ ਬਾਅਦ ਕੋਈ ਨਈ ਬੈਠ ਸਕਦਾ। ਮੈਂ ਤੁਰਾਂਗੀ, ਤਾਰਿਆ ਤੂੰ ਤੁਰੇਗਾ, ਸਾਰਾ ਪਿੰਡ ਤੁਰੇਗਾ, ਸ਼ਹਿਰ ਤੁਰੇਗਾ, ਖਲਕਤ ਤੁਰੇਗੀ, ਕੁਲ ਲੋਕਾਈ ਤੁਰੇਗੀ। ਭਲਾ ਅੱਜ ਕੋਈ ਬੈਠ ਸਕਦਾ ਏ ? ਉਨ੍ਹਾਂ ਨੇ ਰੱਬ ਵਰਗੇ ਬੰਦੇ ਨੂੰ ਮਾਰ ਦਿੱਤਾ। ਉਨ੍ਹਾਂ ਉੱਤੇ ਰੱਬ ਦਾ ਕਹਿਰ ਪਵੇਗਾ... ਰੱਬ ਦਾ ਕਹਿਰ ਪਵੇਗਾ।

*(ਕਹਿੰਦੀ-ਕਹਿੰਦੀ ਚਲੀ ਜਾਂਦੀ ਹੈ।)*

ਤਾਰਾ : ਠੀਕ ਈ ਕਹਿੰਦੀ ਏ ਤਾਈ, ਉਨ੍ਹਾਂ ਨੇ ਰੱਬ ਵਰਗਾ ਬੰਦਾ ਮਾਰ ਦਿੱਤਾ। ਭਲਾ ਅੱਜ ਕੋਈ ਬੈਠ ਸਕਦਾ ਏ ? ਤਾਰਿਆ ਤੂੰ ਤੁਰੇਂਗਾ, ਸਾਰਾ ਪਿੰਡ ਤੁਰੇਗਾ, ਸ਼ਹਿਰ ਤੁਰੇਗਾ, ਖਲਕਤ ਤੁਰੇਗੀ, ਕੁਲ ਲੁਕਾਈ ਤੁਰੇਗੀ।

*(ਤਰਸੇਮ ਬਾਹਰ ਆਉਂਦਾ ਹੈ। ਉਹਨੇ ਗਲ ਵਿਚ ਇਕ ਥੈਲਾ ਪਾਇਆ ਹੋਇਆ ਏ, ਦੂਜੇ ਹੱਥ ਵਿਚ ਬੈਗ ਫੜਿਆ ਹੋਇਆ ਏ, ਜਿਸ ਤਰ੍ਹਾਂ ਕੋਈ ਲੰਮੇ ਸਫ਼ਰ ਦੀ ਤਿਆਰੀ 'ਤੇ ਨਿਕਲਿਆ*

ਹੋਵੇ।)

ਤਾਰਾ : (ਤਰਸੇਮ ਨੂੰ ਵੇਖ ਕੇ) ਸੇਮਿਆ ਤੂੰ ਕਿਹੜੇ ਸਫ਼ਰ ਦੀ ਤਿਆਰੀ ਕਰ ਲਈ ਏ ?

ਤਰਸੇਮ : ਚਾਚਾ ਪੋਥੀਆਂ ਨੂੰ ਵੀ ਬੜੀਆਂ ਦੇਖੀਆਂ ਨੇ ਪਰ ਸਾਡੀ ਤਾਈ ਨੇ ਜਿਹੜੀ ਪੋਥੀ ਹੁਣੇ-ਹੁਣੇ ਦਿਖਾ ਦਿੱਤੀ ਏ ਉਹ ਸਾਡੇ ਸਾਰਿਆਂ ਲਈ ਵੰਗਾਰ ਬਣ ਗਈ ਏ ਤੇ ਤੂੰ ਪੁੱਛਿਆ ਏ ਕਿ ਮੈਂ ਕਿਹੜੇ ਸਫ਼ਰ ਦੀ ਤਿਆਰੀ ਕਰ ਲਈ ਏ। ਇਹੀ ਤਾਂ ਉਹ ਸਫ਼ਰ ਏ, ਜਿਹਦੇ ਬਾਰੇ ਤਾਈ ਨੇ ਦੱਸਿਆ ਏ। ਸੰਘਰਸ਼ ਦਾ ਸਫ਼ਰ, ਜਿਸ 'ਤੇ ਤੈਨੂੰ ਤੁਰਨਾ ਪੈਣਾ ਹੇ, ਤੈਨੂੰ ਤੁਰਨਾ ਪੈਣਾ ਏ, ਤਾਂ ਜੋ ਜ਼ਿੰਦਗੀ ਵਿਚ ਜੋ ਕੁਝ ਗਲਤ ਏ ਉਹਨੂੰ ਠੀਕ ਕੀਤਾ ਜਾ ਸਕੇ। (ਮਾਂ ਦੇ ਪੈਰੀ ਹੱਥ ਲਾ ਕੇ) ਮਾਂ ਮੈਨੂੰ ਅਸ਼ੀਰਵਾਦ ਦੇ ਕਿ ਮੈਂ ਇਸ ਸਫ਼ਰ 'ਤੇ ਪੱਕੇ ਪੈਰੀ ਤੁਰਾਂ ਤੇ ਕਦੀ ਨਾ ਥਿੜਕਾਂ।

ਮਾਂ : ਪੁੱਤਰਾ, ਤੂੰ ਮੈਨੂੰ ਕਿਉਂ ਇਮਤਿਹਾਨ ਵਿਚ ਪਾਉਂਦਾ ਏ, ਮੇਰੀਆਂ ਤਾਂ ਸਾਰੀਆਂ ਉਮੀਦਾਂ ਤੇਰੇ ਉਤੇ ਸਨ, ਤੂੰ ਹੀ ਤਾਂ ਸਾਰੇ ਟੱਬਰ ਦਾ ਆਸਰਾ ਏ, ਜੇ ਤੂੰ ਤੁਰ ਗਿਆ ਤਾਂ ਤੇਰੇ ਨਿੱਕੇ ਭਰਾਵਾਂ ਦਾ ਕੀ ਬਣੇਗਾ ? ਭੈਣ ਦਾ ਕੀ ਬਣੇਗਾ ? ਮੇਰਾ ਕੀ ਬਣੇਗਾ ?

ਤਰਸੇਮ : ਾਂ ਇਹ ਸਵਾਲ ਜਿਹੜਾ ਤੂੰ ਕੀਤਾ ਏ, ਇਹ ਮਨੁੱਖ ਦੇ ਇਤਿਹਾਸ ਵਿਚ ਬਹੁਤ ਵਾਰੀ ਪੁੱਛਿਆ ਗਿਆ ਏ ਤੇ ਸੂਰਮਿਆਂ ਨੇ ਆਪਣੀਆਂ ਮਾਵਾਂ ਨੂੰ ਇਹਦਾ ਜਵਾਬ ਦਿੱਤਾ ਏ।

ਮਾਂ : ਇਹ ਸਭ ਕੁਝ ਕਹਿਣਾ ਆਸਾਨ ਹੁੰਦਾ ਏ ਪੁੱਤਰਾ, ਪਰ ਸਹਿਣਾ ਬਹੁਤ ਮੁਸ਼ਕਿਲ॥

ਤਰਸੇਮ : ਪਰ ਮਾਂ ਲੋਕਾਂ ਨੇ ਇਹ ਕਿਹਾ ਏ, ਨਾਲੇ ਇਹ ਧਰਤੀ ਤਾਂ ਗੁਰੂਆਂ ਦੀ ਧਰਤੀ ਏ, ਜਿਹੜੇ ਤੱਤੀਆਂ ਤਵੀਆਂ 'ਤੇ ਵੀ ਬੈਠੇ, ਜਿਨ੍ਹਾਂ ਨੇ ਸੀਸ ਵੀ ਦਿੱਤੇ ਤੇ ਜਿਨ੍ਹਾਂ ਨੇ ਚਾਰ ਲਾਲ ਗਵਾਉਣ ਤੇ ਵੀ ਕਿਹਾ ਸੀ - ਚਾਰ ਮੋਏ ਤੋ ਕਿਆ ਹੂਆ ਜਬ ਜੀਵਤ ਕਈ ਹਜ਼ਾਰ।

ਮਾਂ : ਪੁੱਤਰਾ ਉਹ ਗੁਰੂ ਸਨ, ਅਸੀਂ ਭਲਾ ਉਨ੍ਹਾਂ ਦਾ ਮੁਕਾਬਲਾ ਕਰ ਸਕਦੇ ਹਾਂ।

ਤਰਸੇਮ : _ਕਾਬਲਾ ਤਾਂ ਨਹੀਂ ਕਰ ਸਕਦੇ, ਪਰ ਉਨ੍ਹਾਂ ਦੇ ਪੂਰਨਿਆਂ 'ਤੇ ਤਾਂ ਚੱਲ ਸਕਦੇ ਹਾਂ। ਇਹ ਤਾਂ ਹਾਲਾਂ ਕੱਲ੍ਹ ਦਾ ਹਾਲ ਏ ਆਪਣਾ ਸਭ ਕੁਝ ਛੱਡ ਕੇ ਗਦਰੀ ਬਾਬੇ ਸੱਤ ਸਮੁੰਦਰੋਂ ਪਾਰ ਕਰਕੇ ਆਏ ਤੇ ਫਾਂਸੀਆਂ ਦੇ ਰੱਸੇ ਚੁੰਮ ਗਏ। ਸਰਾਭੇ ਨੇ ਭਰ ਜਵਾਨੀ ਵਿਚ ਸ਼ਹਾਦਤ

ਦੇ ਦਿੱਤੀ। ਮਾਂ ਤੂੰ ਨਿੱਕੇ ਭੈਣ-ਭਰਾਵਾਂ ਦੀ ਗੱਲ ਕੀਤੀ ਏ ਭਗਤ ਸਿੰਘ ਵੀ ਸਭ ਨੂੰ ਛੱਡ ਕੇ ਹੀ ਇਸ ਸਫ਼ਰ 'ਤੇ ਤੁਰਿਆ ਸੀ। ਮੈਨੂੰ ਤੇਰੇ ਅਸ਼ੀਰਵਾਦ ਦੀ ਉਡੀਕ ਏ।

*(ਮਾਂ ਸਸ਼ੋਪੰਜ ਵਿਚ ਏ)*

ਤਾਰਾ : ਭਾਬੀ ਦੇ ਆਪਣੇ ਸੂਰਮੇ ਪੁੱਤ ਨੂੰ ਅਸ਼ੀਰਵਾਦ। ਇਹੋ ਜਿਹੇ ਪੁੱਤਰ ਦੀ ਮਾਂ ਬਣਨ ਦਾ ਕਿਸੇ-ਕਿਸੇ ਨੂੰ ਹੀ ਸੁਭਾਗ ਮਿਲਦਾ ਏ।

*(ਮਾਂ ਉਹਨੂੰ ਪੈਰਾਂ ਤੋਂ ਚੁੱਕਦੀ ਹੈ, ਉਹਦਾ ਮੱਥਾ ਚੁੰਮਦੀ ਹੈ।)*

ਮਾਂ : ਪੁੱਤਰਾ ਜੇ ਤੂੰ ਫ਼ੈਸਲਾ ਕਰ ਹੀ ਲਿਆ ਏ ਤਾਂ ਤੇਰੀ ਮਾਂ ਦਾ ਅਸ਼ੀਰਵਾਦ ਤੇਰੇ ਨਾਲ ਏ। ਕਦੀ ਪਿੱਠ ਦੇ ਕੇ ਵਾਪਸ ਨਾ ਮੁੜੀਂ।

*(ਤਾਰਾ ਬੜਾ ਭਾਵੁਕ ਹੋ ਕੇ ਵੇਖਦਾ ਹੈ। ਤਰਸੇਮ ਉਹਦੇ ਨਾਲ ਧਾਪਾ ਕੇ ਜੱਫ਼ੀ ਮਾਰਦਾ ਹੈ।)*

## ਸੀਨ ਨੌਂਵਾਂ

(ਤਰਸੇਮ ਦਾ ਘਰ। ਪੁਲਿਸ ਵਾਲੇ ਜ਼ੋਰਦੀ ਦਰਵਾਜ਼ਾ ਖੜਕਾਉਂਦੇ ਨੇ। ਮਾਂ ਦਰਵਾਜ਼ਾ ਖੋਲਦੀ ਹੈ, ਪੁਲਿਸ ਵਾਲੇ ਅੰਦਰ ਧਮਕੇ ਆਉਂਦੇ ਹਨ, ਇਧਰ-ਉਧਰ ਵੇਖਦੇ ਹਨ।)

ਮਾਂ : ਕੀ ਚਾਹੀਦਾ ਏ ਤੁਹਾਨੂੰ ?

ਥਾਣੇਦਾਰ : ਤਾਂ ਤੂੰ ਨਕਸਲੀ ਤਰਸੇਮ ਬਾਵਾ ਦੀ ਮਾਂ ਏ ?

ਮਾਂ : ਹਾਂ ਮੈਨੂੰ ਹੀ ਇਹ ਫ਼ਖ਼ਰ ਏ ਕਿ ਮੈਂ ਉਸ ਸੂਰਮੇ ਦੀ ਮਾਂ ਹਾਂ।

ਥਾਣੇਦਾਰ : ਤੈਨੂੰ ਪਤਾ ਏ ਕਿ ਉਹ ਕੀ ਕਰਦਾ-ਫਿਰਦਾ ਏ ?

ਮਾਂ : ਪਤਾ ਏ, ਉਹ ਲੋਕਾਂ ਨੂੰ ਦੱਸਦਾ ਏ ਕਿ ਜਿਹੜੀ ਜ਼ਿੰਦਗੀ ਉਹ ਜੀਅ ਰਹੇ ਨੇ ਉਹ ਜੀਉਣ ਦੇ ਕਾਬਲ ਨਹੀਂ।

ਥਾਣੇਦਾਰ : ਤੈਨੂੰ ਪਤਾ ਏ ਕਿ ਉਹ ਇਕ ਬਾਗੀ ਏ, ਉਹਦੇ ਸਿਰ 'ਤੇ ਇਨਾਮ ਏ, ਪੁਲਿਸ ਨੂੰ ਉਹਦੀ ਭਾਲ ਏ।

ਮਾਂ : ਹਾਂ ਪੁਲਿਸ ਨੂੰ ਉਹਦੀ ਹੀ ਭਾਲ ਹੋਣੀ ਏ, ਚੋਰ-ਡਾਕੂਆਂ ਦੀ ਨਹੀਂ।

ਥਾਣੇਦਾਰ : ਤੂੰ ਬੋਲਦੀ ਕਿਸ ਤਰ੍ਹਾਂ ਏ ?

ਮਾਂ : ਜਿਸ ਤਰ੍ਹਾਂ ਮੈਨੂੰ ਬੋਲਣਾ ਚਾਹੀਦਾ ਏ। ਜੇ ਤੁਸੀਂ ਉਹਦੀ ਭਾਲ ਵਿਚ ਆਏ ਹੋ ਤਾਂ ਮੈਂ ਤੁਹਾਨੂੰ ਦਸ ਦੇਣਾ ਚਾਹੁੰਦੀ ਹਾਂ ਕਿ ਉਹ ਹੁਣ ਇਥੇ ਨਹੀਂ ਰਹਿੰਦਾ। (ਸਿਪਾਹੀ ਅੰਦਰੋਂ ਕੁਝ ਕਿਤਾਬਾਂ ਤੇ ਮੈਗਜੀਨ ਲਿਆਂਦਾ ਹੈ।)

ਥਾਣੇਦਾਰ : (ਕਿਤਾਬਾਂ ਤੇ ਮੈਗਜੀਨ ਵੇਖ ਕੇ) ਇਹ ਕਿਤਾਬਾਂ ਤੇ ਮੈਗਜੀਨ ਦੱਸਦੇ ਨੇ ਕਿ ਉਹ ਇਥੇ ਹੀ ਰਹਿੰਦਾ ਏ ਤੇ ਇਹ ਮੈਗਜੀਨ ਤਾਂ ਹੈ

ਹੀ ਇਸ ਮਹੀਨੇ ਦਾ। ਇਹਦਾ ਮਤਲਬ ਕਿ ਉਹ ਇਥੇ ਆਉਂਦਾ ਏ।

ਮਾਂ : ਪੁੱਤਰ ਜੇਕਰ ਮਾਵਾਂ ਨੂੰ ਮਿਲਣ ਆਉਣ ਤਾਂ ਇਹ ਕੋਈ ਗੁਨਾਹ ਨਈਂ।

ਥਾਣੇਦਾਰ : ਇਣ ਗੁਨਾ ਹੈ, ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਉਹ ਇਸ ਸਰਕਾਰ ਦਾ ਬਾਗ਼ੀ ਏ। ਥਾਂ-ਥਾਂ ’ਤੇ ਹਥਿਆਰਬੰਦ ਇਨਕਲਾਬ ਦਾ ਪ੍ਰਚਾਰ ਕਰਦਾ ਫਿਰਦਾ ਏ। ਸਿਰਫ਼ ਪ੍ਰਚਾਰ ਹੀ ਨਹੀਂ ਕਰਦਾ, ਸਾਨੂੰ ਪੱਕੀ ਇਤਲਾਹ ਹੈ ਕਿ ਉਹ ਤੇ ਉਹਦੀ ਪਾਰਟੀ ਹਥਿਆਰ ਜਮ੍ਹਾਂ ਵੀ ਕਰ ਰਹੀ ਏ। ਕਿਸੇ ਗੁਰੀਲਾ ਲੜਾਈ ਦੀ ਤਿਆਰੀ ਕਰ ਰਹੀ ਏ।

ਮਾਂ : ਮੈਨੂੰ ਪਤਾ ਏ ਕਿਉਂਕਿ ਜਦੋਂ ਉਸਨੇ ਘਰੋਂ ਵਿਦੈਗੀ ਲਈ ਸੀ ਤਾਂ ਸਾਫ਼ ਸੀ ਕਿ ਉਹ ਕੋਈ ਵੱਡੀ ਲੜਾਈ ਲੜਣ ਹੀ ਜਾ ਰਿਹ ਸੀ ਤਾਂ ਮੈਂ ਵੀ ਉਹਨੂੰ ਅਸ਼ੀਰਵਾਦ ਦਿੱਤੀ ਕਿ ਜੇ ਲੜਣ ਜਾ ਰਿਹਾ ਏ ਤਾਂ ਬਹਾਦਰਾਂ ਵਾਂਗ ਲੜੀਂ ਤੇ ਪਿੱਠ ਵਿਖਾ ਕੇ ਨਾ ਆਈਂ। ਤੇ ਮੈਨੂੰ ਯਕੀਨ ਏ ਕਿ ਉਹ ਪਿੱਠ ਕਦੀ ਨਹੀਂ ਵਿਖਾਏਗਾ।

ਥਾਣੇਦਾਰ : ਕਦੀ ਸਾਡੇ ਕਾਬੂ ਆ ਗਿਆ ਤਾਂ ਤੈਨੂੰ ਵਿਖਾਵਾਂਗੇ ਕਿ ਉਹ ਪਿੱਠ ਦਿੰਦਾ ਏ ਕਿ ਨਹੀਂ ? ਤਰਲੇ ਕਰੇਗਾ, ਮਿੰਨਤਾ ਕਰੇਗਾ। ਜਾਨ ਬਖਸ਼ੀ ਲਈ ਕਹੇਗਾ ਤੇ ਤੂੰ ਵੀ ਵੇਖ ਕੇ ਇਹੀ ਕਹੇਂਗੀ। ਹਾਂ ਤੇ ਇਸਤੋਂ ਪਹਿਲਾਂ ਕਿ ਅਸੀਂ ਤੇਰੇ ’ਤੇ ਸਖ਼ਤੀ ਕਰੀਏ, ਸਾਨੂੰ ਉਹਦਾ ਪਤਾ ਟਿਕਾਣਾ ਦੱਸ ਦੇ।

ਮਾਂ : ਮੈਨੂੰ ਉਹਦਾ ਪਤਾ-ਟਿਕਾਣਾ ਨਹੀਂ ਪਤਾ, ਜੇ ਪਤਾ ਹੋਵੇ ਵੀ ਤਾਂ ਮੈਂ ਨਹੀਂ ਦਸਾਂਗੀ। ਪੁੱਛੋਗੇ ਕਿਉਂ ? ਕਿਉਂਕਿ ਕੋਈ ਵੀ ਮਾਂ ਚਾਹੇਗੀ ਕਿ ਉਹ ਆਪਣੇ ਪੁੱਤਰ ਨੂੰ ਕਸਾਈਆਂ ਦੇ ਹਵਾਲੇ ਕਰੇ।

ਥਾਣੇਦਾਰ : ਅਸੀਂ ਤੈਨੂੰ ਕਸਾਈ ਦਿਸਦੇ ਹਾਂ ?

ਮਾਂ : ਬਹੁਤ ਦੇਰ ਤੋਂ ਖਾਕੀ ਵਰਦੀ ਵਾਲਿਆਂ ਨੇ ਕਸਾਈਆਂ ਵਾਲਾ ਪੇਸ਼ਾ ਅਪਣਾ ਲਿਆ ਏ, ਇਹ ਤਾਂ ਹੁਣ ਕੁੱਲ ਜਹਾਨ ਜਾਣਦਾ ਏ।

ਥਾਣੇਦਾਰ : ਜੇ ਤੂੰ ਸਾਨੂੰ ਕਸਾਈ ਹੀ ਸਮਝਦੀ ਏ ਤਾਂ ਫੇਰ ਤੈਨੂੰ ਇਹ ਮੁਹਾਵਰਾ ਵੀ ਯਾਦ ਕਰ ਲੈਣਾ ਚਾਹੀਦੈ। ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ ?

ਮਾਂ : ਇਕ ਮਾਂ ਆਪਣੇ ਜਾਏ ਦੀ ਹਮੇਸ਼ਾਂ ਖੈਰ ਮੰਗੇਗੀ ਭਾਵੇਂ ਉਹ ਬੱਕਰੇ ਦੀ ਮਾਂ ਹੋਵੇ ਜਾਂ ਕਿਸੇ ਇਨਾਸਨ ਦੀ ਮਾਂ ਹੋਵੇ। ਕਿਉਂਕਿ ਮਾਂ, ਮਾਂ ਹੀ ਹੁੰਦੀ ਏ ਪਰ ਰੱਬ ਕਿਸੇ ਮਾਂ ਨੂੰ ਉਹ ਦਿਨ ਨਾ ਵਿਖਾਏ ਕਿ ਉਹਨੂੰ ਆਪਣੇ ਪੁੱਤ ਦੀ ਜਾਨ ਬਖਸ਼ੀ ਲਈ ਕਿਸੇ ਕਸਾਈ ਅੱਗੇ ਤਰਲੇ

ਪਾਣੇ ਪੈਣ। ਤੁਸੀਂ ਦਰਵਾਜ਼ਾ ਖੜਕਾਇਆ ਸੀ, ਮੈਂ ਖੋਲ ਦਿੱਤਾ ਸੀ, ਉਹ ਹਾਲੇ ਵੀ ਖੁੱਲਾ ਏ, ਜੇ ਤੁਹਾਡਾ ਕੰਮ ਮੁੱਕ ਗਿਆ ਏ ਤਾਂ ਤੁਸੀਂ ਜਾ ਸਕਦੇ ਹੋ।

ਥਾਣੇਦਾਰ : ਤੂੰ ਤੇ ਇਥੇ ਹੁਕਮ ਚੜਾ ਰਹੀ ਏ, ਜਿਸ ਤਰ੍ਹਾਂ ਇਥੇ ਕਾਨੂੰਨ ਦੀ ਮਾਲਕ ਤੂੰ ਹੋਵੇ, ਅਸੀਂ ਨਾ ਹੋਈਏ।

ਮਾਂ : ਤੁਸੀਂ ਕਿਸ ਕਾਨੂੰਨ ਦੀ ਗੱਲ ਕਰਦੇ ਹੋ ? ਜਿਥੋਂ ਤੱਕ ਮੈਨੂੰ ਪਤਾ ਏ ਕਿ ਗਰੀਬ ਸੋਹਦਿਆਂ ਲਈ ਹੁਣ ਇਥੇ ਕੋਈ ਕਾਨੂੰਨ ਨਹੀਂ ਜੰਗਲ ਦਾ ਰਾਜ ਏ। ਬਾਬਾ ਸਿੰਘ, ਬਾਬਾ ਵਰਗੇ ਦੇਸ਼ ਭਗਤਾਂ ਨੂੰ ਸ਼ਰ੍ਹੇਆਮ ਕਤਲ ਕਰਕੇ ਹੁਣ ਵੀ ਤੁਸੀਂ ਦਾਅਵਾ ਕਰ ਸਕਦੇ ਹੋ ਕਿ ਇਥੇ ਕਾਨੂੰਨ ਦਾ ਰਾਜ ਏ। ਤੁਸੀਂ ਆਪਣੇ ਰੇਡੀਓ ਰਾਹੀਂ ਅਖ਼ਬਾਰਾਂ ਰਾਹੀਂ ਟੀ.ਵੀ. ਰਾਹੀਂ ਲੱਖ ਪ੍ਰਚਾਰ ਕਰੋ। ਇਸ ਗਲੇ-ਸੜੇ ਨਿਜਾਮ ਦੇ ਵਿਰੁੱਧ ਬਗਾਵਤ ਕਰਨ ਵਾਲਿਆਂ ਨੂੰ ਚੋਰ, ਡਾਕੂ, ਧਾੜਵੀ ਆਖੋ, ਪਰ ਦੁਨੀਆ ਅਸਲੀਅਤ ਜਾਣ ਗਈ ਏ। ਉਹ ਤੁਹਾਡੇ 'ਤੇ ਲਾਅਨਤ ਪਾਉਂਦੀ ਏ।

ਥਾਣੇਦਾਰ : ਬੰਦ ਕਰ ਆਪਣਾ ਇਹ ਲੈਕਚਰ ਤੇ ਸਾਡੇ ਨਾਲ ਥਾਣੇ ਚੱਲਣ ਈ ਤਿਆਰ ਹੋ।

ਮਾਂ : ਕਿਉਂ ?

ਥਾਣੇਦਾਰ : ਸਾਨੂੰ ਉਤੋਂ ਹੁਕਮ ਏ ਕਿ ਜਿੰਨੀ ਦੇਰ ਤੇਰਾ ਪੁੱਤ ਆਪਣੇ ਆਪ ਨੂੰ ਸਾਡੇ ਹਵਾਲੇ ਨਹੀਂ ਕਰਦਾ ਤੈਨੂੰ ਥਾਣੇ ਵਿਚ ਬਿਠਾ ਲਿਆ ਜਾਏ।

ਮਾਂ : ਮੈਂ ਨਹੀਂ ਜਾਵਾਂਗੀ।

ਥਾਣੇਦਾਰ : ਜਾਏਂਗੀ ਕਿਸ ਤਰ੍ਹਾਂ ਨਹੀਂ ?

*(ਉਹਨੂੰ ਪਕੜਣ ਲਈ ਅੱਗੇ ਆਉਂਦਾ ਹੈ।)*

ਮਾਂ : ਖ਼ਬਰਦਾਰ ਜੇ ਅੱਗੇ ਵਧਿਆ ਮੈਂ ਸੀਰਸੇ ਪੀ ਜਾ ਜਾਵਾਂਗੀ।

ਥਾਣੇਦਾਰ : (ਰਾਮ ਸਿੰਘ ਨੂੰ) ਰਾਮ ਸਿੰਘ ਵੇਖਦਾ ਕੀ ਏਂ ਇਹਨੂੰ ਜੀਪ ਵਿਚ ਬਿਠਾਓ।

*(ਰਾਮ ਸਿੰਘ ਅੱਗੇ ਵਧਣ ਲੱਗਦਾ ਹੈ ਤਾਂ ਵਿਚਕਾਰ ਬੁੱਢੀ ਦੀ ਸੋਟੀ ਆ ਜਾਂਦੀ ਹੈ। ਰਾਮ ਸਿੰਘ ਤ੍ਰਿਹ ਜਾਂਦਾ ਹੈ।)*

ਬੁੱਢੀ : ਓਏ ਬੇਸ਼ਰਮੋਂ, ਤੁਹਾਡਾ ਕੱਖ ਨਾ ਹੇ, ਕਿਸੇ ਦੀ ਆਈ ਤੁਹਾਨੂੰ ਲੱਗੇ, ਇਹ ਕੀ ਕਹਿਰ ਪਏ ਕਮਾਂਦੇ ਹੋ ?

ਥਾਣੇਦਾਰ : ਤੂੰ ਵਿਚ ਨਾ ਬੋਲ ਮਾਈ।

ਬੁੱਢੀ : ਕਿਉਂ ਨਾ ਬੋਲਾਂ, ਪਿੰਡ ਵਾਲਿਓ ਤੁਸੀਂ ਕਿਉਂ ਨਹੀਂ ਬੋਲਦੇ ? ਕਿਥੇ ਗਈ ਤੁਹਾਡੀ ਸੂਰਮਤਾਈ ? ਤੁਹਾਡੇ ਸਾਹਮਣੇ ਪਿੰਡ ਦੀ ਧੀ-ਭੈਣ

ਨੂੰ ਖਬਰ ਕੀਤਾ ਜਾਏ ਤੇ ਤੁਸੀਂ ਮੂੰਹ ਵਿਚ ਘੁੰਗਣੀਆਂ ਪਾ ਕੇ ਖਲੋਤੇ ਰਵੋ।

*(ਸਰਦਾਰ ਅਤੇ ਥਾਣੇਦਾਰ ਨੇ ਹੁਣ ਆਮ ਪੇਂਡੂਆਂ ਵਾਲੇ ਕੱਪੜੇ ਪਾ ਲਏ ਨੇ।)*

ਸਿਪਾਹੀ : (ਥਾਣੇਦਾਰ ਦੇ ਕੋਲ ਜਾ ਕੇ) ਜਨਾਬ ਇਥੇ ਮਾਮਲਾ ਵਿਗੜਦਾ ਲੱਗਦਾ ਏ, ਮੇਰੀ ਗੱਲ ਮੰਨੋ ਤਾਂ ਹਾਲ ਦੀ ਘੜੀ ਇਥੋਂ ਚਲਦੇ ਬਣੀਏ। ਇਹ ਨਾ ਹੋਵੇ ਕਿ ਬਣੀ ਬਣਾਈ ਮਿੱਟੀ ਵਿਚ ਰੱਲ ਜਾਏ।

ਥਾਣੇਦਾਰ : (ਸਿਪਾਹੀ ਨੂੰ) ਓਏ ਤੂੰ ਐਵੇਂ ਨਾ ਮੋਕ ਮਾਰ। (ਲੋਕਾਂ ਨੂੰ) ਦੇਖੋ ਭਾਈ ਤੁਸੀਂ ਕਾਨੂੰਨ ਨੂੰ ਆਪਣੇ ਹੱਥ ਨਾ ਲਵੋ। ਇਹ ਔਰਤ ਸਾਡੇ ਮੁਲਜ਼ਮ ਦੀ ਮਾਂ ਏ, ਅਸੀਂ ਇਹਦੇ ਕੋਲੋਂ ਇਹਦੇ ਪੁੱਤ ਦਾ ਪਤਾ ਪੁੱਛਦੇ ਹਾਂ, ਇਹ ਸਾਨੂੰ ਅੱਗੋਂ ਅੱਖਾਂ ਵਿਖਾਉਂਦੀ ਏ।

ਇਕ : ਇਹ ਮੁਲਜ਼ਮ ਦੀ ਮਾਂ ਏ, ਮੁਲਜ਼ਮ ਤਾਂ ਨਹੀਂ ਏ। ਇਹ ਕਿਹੜੇ ਕਾਨੂੰਨ ਵਿਚ ਲਿਖਿਆ ਏ ਕਿ ਮੁਲਜ਼ਮ ਨਈ ਲੱਭਦਾ ਤਾਂ ਉਹਦੀ ਮਾਂ ਨੂੰ ਥਾਣੇ ਜਾ ਬਿਠਾਓ।

ਦੋ : ਥਾਣੇਦਾਰ ਸਾਹਿਬ, ਤੁਹਾਡੇ ਘਰ ਵੀ ਤੁਹਾਡੀ ਮਾਂ ਏ, ਜੇ ਉਹਦੇ ਨਾਲ ਕੋਈ ਇਹੋ ਜਿਹਾ ਸਲੂਕ ਕਰੇ ਤਾਂ ਤੁਸੀਂ ਕੀ ਸੋਚੋਗੇ?

ਸਿਪਾਹੀ : (ਪਾਸੇ) ਹਾਂ ਕੀ ਸੋਚੋਗੇ?

ਥਾਣੇਦਾਰ : ਰਾਮ ਸਿੰਘ ਤੂੰ ਕੀ ਕਿਹਾ?

ਸਿਪਾਹੀ : ਮੈਂ ਕਿਹਾ ਅਸੀਂ ਕੀ ਸੋਚਾਂਗੇ? (ਕੋਲ ਜਾ ਕੇ) ਇਹੋ ਸੋਚਾਂਗੇ ਕਿ ਇਥੋਂ ਚਲੇ ਜਾਈਏ। ਲਓ ਸਰਪੰਚ ਸਾਹਿਬ ਵੀ ਆ ਗਏ।

ਸਰਪੰਚ : ਕੀ ਗੱਲ ਹੋਈ ਜਨਾਬ, ਇਹ ਭੀੜ ਕਿਉਂ ਇਥੇ ਇਕੱਠੀ ਹੋਈ ਏ?

*(ਭੀੜ ਵਿਚੋਂ ਤਾਰਾ ਵੱਖ ਹੋ ਕੇ)*

ਤਾਰਾ : ਹੁਣ ਇਹਨੂੰ ਦੱਸੋ ਕਿ ਕੀ ਗੱਲ ਹੋਈ ਏ, ਜਿਸ ਤਰ੍ਹਾਂ ਇਹਨੂੰ ਪਤਾ ਈ ਨਹੀਂ। ਆਪੇ ਹੀ ਥਾਣੇਦਾਰ ਨੂੰ ਭੇਜਕੇ ਪੁੱਛਦਾ ਏ ਕਿ ਗੱਲ ਕੀ ਹੋਈ ਏ। (ਉੱਚੀ ਸਾਰੀ) ਰੱਖ ਇਹ ਹੋਈ ਏ ਸਰਪੰਚ ਜੀ ਕਿ ਥਾਣੇਦਾਰ ਹੋਰਾਂ ਦੀ ਘੋੜੀ ਨੂੰ ਪੱਠੇ ਪਾਉਣੇ ਨੇ ਤੇ ਫ਼ੈਸਲਾ ਨਹੀਂ ਹੁੰਦਾ ਪਿਆ ਕਿ ਇਹ ਪੱਠੇ ਕਿੰਨੇ ਪਾਉਣੇ ਨੇ?

*(ਹਾਸਾ... ਥਾਣੇਦਾਰ ਕੱਚਾ ਜਿਹਾ ਹੁੰਦਾ ਹੈ।)*

ਸਰਪੰਚ : (ਥਾਣੇਦਾਰ ਨੂੰ ਮੁਸ਼ਕਲ ਵਿਚੋਂ ਕੱਢਦਾ ਹੋਇਆ) ਤੁਸੀਂ ਚੌਧਰੀ ਸਾਹਿਬ ਮੇਰੇ ਨਾਲ ਆਓ! ਅਸੀਂ ਆਪ ਇਸ ਗੱਲ ਦਾ ਜਿੰਮਾ ਲਵਾਂਗੇ ਕਿ ਮਾਸਟਰ ਤਰਸੇਮ ਨੂੰ ਲੈ ਕੇ ਥਾਣੇ ਆਈਏ। (ਮਾਂ ਨੂੰ)

ਭਲਾ ਚੌਧਰੀ ਸਾਹਿਬ ਦਾ ਇਹ ਮਤਲਬ ਥੋੜ੍ਹਾ ਸੀ, ਉਹ ਤਾਂ ਆਪਣੀ ਡਿਊਟੀ ਕਰ ਰਹੇ ਸਨ।

ਥਾਣੇਦਾਰ : ਤੁਹਾਡੇ ਕਹੇ ਹੁਣ ਤਾਂ ਮੈਂ ਚਲਦਾ ਹਾਂ, ਸਰਪੰਚ ਸਾਹਿਬ। ਪਰ ਪਿੰਡ ਵਾਲਿਆਂ ਨੂੰ ਇਹ ਖ਼ਬਰਦਾਰ ਕਰ ਦੇਵੋ ਕਿ ਜੇ ਹਾਲਾਤ ਇਹੋ ਰਹੇ ਤਾਂ ਸਾਨੂੰ ਪਿੰਡ ਚੌਕੀ ਬਿਠਾਉਣੀ ਪਵੇਗੀ ਤੇ ਨਾਲ। ਇਸ ਤਰਸੇਮ ਦੀ ਮਾਂ ਨੂੰ ਦੱਸ ਦੇਵੋ ਕਿ ਛੇਤੀ ਹੀ ਆਪਣੇ ਪੁੱਤਰ ਨੂੰ ਸਾਡੇ ਅੱਗੇ ਗੋਡਿਆਂ ਦੇ ਭਾਰ ਵੇਖੇਗੀ ਤਾਂ ਹੀ ਇਹਦੀ ਲੁੱਤੜ-ਲੁੱਤੜ ਕਰਦੀ ਜ਼ੁਬਾਨ ਬੰਦ ਹੋਵੇਗੀ। ਜਿੱਤ ਸਾਡੀ ਹੋਵੇਗੀ।

*(ਮੁੜਣ ਲੱਗਦਾ ਹੈ ਤਾਂ ਮਾਂ ਕਹਿੰਦੀ ਹੈ।)*

ਮਾਂ : ਤੇ ਸਰਪੰਚ ਜੀ, ਆਪਣੇ ਚੌਧਰੀ ਸਾਹਿਬ ਹੋਰਾਂ ਨੂੰ ਕਹਿ ਦੇਵੋ ਕਿ ਮੇਰਾ ਪੁੱਤ ਕਦੀ ਵੀ ਇਨ੍ਹਾਂ ਅੱਗੇ ਗੋਡੇ ਨਈਂ ਟੇਕੇਗਾ। ਅੰਤਮ ਜਿੱਤ ਉਹਦੀ ਹੋਵੇਗੀ।

## ਸੀਨ ਦਸਵਾਂ

ਤਰਸੇਮ : ਗੇਜਿਆ ਤੈਨੂੰ ਪੱਕਾ ਪਤਾ ਏ ਕਿ ਤੈਨੂੰ ਇਥੇ ਆਉਂਦਿਆਂ ਕਿਸੇ ਨੇ ਨਹੀਂ ਵੇਖਿਆ।

ਗੇਜਾ : ਬਿਲਕੁਲ ਪੱਕਾ।

ਤਰਸੇਮ : ਇਹ ਇਸ਼ਤਿਹਾਰ ਬੜੀ ਹੁਸ਼ਿਆਰੀ ਨਾਲ ਲਿਆਂਦੇ ਨੇ, ਸਵੇਰੇ ਜਦੋਂ ਲੋਕ ਉੱਠਣ ਤਾਂ ਇਹ ਸਾਰੇ ਪਿੰਡ ਗਿਚ ਲੱਗੇ ਹੋਣੇ ਚਾਹੀਦੇ ਨੇ। ਸਰਕਾਰ ਨੇ ਜੇ ਸਾਡੀ ਕਾਨਫਰੰਸ ਨਹੀਂ ਹੋਣ ਦਿੱਤੀ ਪਰ ਕਾਨਫਰੰਸ ਦਾ ਸੁਨੇਹਾ ਲੋਕਾਂ ਨੂੰ ਪੁੱਜਣਾ ਚਾਹੀਦਾ ਏ। ਲੋਕਾਂ ਨੂੰ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਖ਼ਬਰ ਹੋਣੀ ਚਾਹੀਦੀ ਏ ਕਿ ਆਪਾਂ ਕਿਸ ਨਿਸ਼ਾਨੇ ਲਈ ਲੜ ਰਹੇ ਹਾਂ। ਇਹ ਸਾਰਾ ਵਰਤਾਰਾ ਵਿਤਕਰਿਆਂ ਭਰਿਆ ਹੈ। ਚੰਗੀ ਜ਼ਿੰਦਗੀ ਜੀਣ ਦੇ ਸਾਧਨ ਸਿਰਫ਼ ਅਮੀਰ ਲੋਕਾਂ ਕੋਲ ਹਨ, ਬਾਕੀ ਬਹੁਤੀ ਲੋਕਾਈ ਕੀੜਿਆਂ ਵਾਲੀ ਜ਼ਿੰਦਗੀ ਹੀ ਜੀਂਦੀ ਹੈ। ਫੇਰ ਲੋਕਾਈ ਕੀ ਕਰੇ ? ਉਹ ਐਸਾ ਪ੍ਰਬੰਧ ਬਣਾਉਣ ਦਾ ਯਤਨ ਕਰੇ ਜਿਥੇ ਵੱਧ ਤੋਂ ਵੱਧ ਲੋਕਾਂ ਨੂੰ ਦੇਸ਼ ਦੇ ਹਾਸਲ ਵਸੀਲਿਆਂ ਵਿਚੋਂ ਹਿੱਸਾ ਮਿਲੇ। ਇਹ ਕਰਨ ਲਈ ਪਹਿਲੇ ਲੋਕਾਂ ਵਿਚ ਵਿਸ਼ਵਾਸ ਪੈਦਾ ਕੀਤਾ ਜਾਏ ਕਿ ਇਏ ਵਰਤਾਰਾ ਬਦਲਿਆ ਜਾ ਸਕਦਾ ਹੈ। ਇਹ ਵਰਤਾਰਾ ਨਾ ਹੀ ਕੋਈ ਕੋਈ ਸਦੀਵੀ ਹੈ ਨਾ ਇਹ ਕਿਸੇ ਰੱਬ ਦੀ ਦੇਣ ਏ। ਇਹ ਵਿਸ਼ਵਾਸ ਪੈਣਾ ਕਰਨਾ ਅਤੇ ਇਸ ਵਰਤਾਰੇ ਨੂੰ ਬਦਲਣ ਲਈ ਸਾਡੀ ਲਹਿਰ ਦਾ

ਨਿਸ਼ਾਨਾ ਏ। ਇਏ ਇਸ਼ਤਿਹਾਰ ਕਿ ਵੀ ਹਾਲਤ ਵਿਚ ਪੁਲਿਸ ਦੇ ਹੱਥ ਨਹੀਂ ਲੱਗਣੇ ਚਾਹੀਦੇ ਤੇ ਇਸ ਤੋਂ ਪਹਿਲਾਂ ਕਿ ਉਹ ਕੰਧਾਂ ’ਤੇ ਲੱਗੇ ਹੋਏ ਇਸ਼ਤਿਹਾਰ ਪਾੜ ਸਕਣ ਇਹ ਲੋਕਾਂ ਨੂੰ ਪੜ੍ਹ ਲੈਣੇ ਚਾਹੀਦੇ ਨੇ।

ਗੇਜਾ : ਪਰ ਪੁਲਿਸ ਇਨ੍ਹਾਂ ਨੂੰ ਕਿਉਂ ਪਾੜੇਗੀ ?

ਤਰਸੇਮ : ਕਿਉਂਕਿ ਪੁਲਿਸ ਇਸ ਲੋਟੂ ਵਰਤਾਰੇ ਨੂੰ ਕਾਨੂੰਨ ਦੇ ਨਾਂਅ ’ਤੇ ਕਾਇਮ ਰੱਖਣ ਲਏ ਹਾਕਮਾਂ ਕੋਲ ਸਾਰਿਆਂ ਨਾਲੋਂ ਵੱਧ ਸ਼ਕਤੀਸ਼ਾਲੀ ਸੰਸਕਾ ਏ, ਹਾਕਮ ਕੋਲ ਜ਼ਬਰ ਦਾ ਸਾਰਾ ਤਾਨਾਬਾਨਾ ਏ, ਪੁਲਿਸ ਓਨ੍ਹਾਂ ਦੀ ਗੋਲੀ ਏ। ਪੁਲਿਸ ਬਾਰੇ ਆਮ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਉਹ ਲੋਕਾਂ ਦੇ ਜਾਨੋਮਾਲ ਦੀ ਰਖਵਾਲੀ ਕਰਦੀ ਏ। ਪਰ ਅਸਲ ਵਿਚ ਉਹ ਸਾਡੇ ਲੋਕਾਂ ਦੇ ਜਾਨੋਮਾਲ ਦੀ ਰਖਵਾਲੀ ਨਹੀਂ ਕਰਦੀ, ਸਗੋਂ ਕੁਝ ਦੇ ਹੀ ਕਰਦੀ ਹੈ, ਇਸੇ ਕਰਕੇ ਸੰਘਰਸ਼ ਦੇ ਹਰ ਦੌਰ ਵਿਚ ਬਾਗ਼ੀਆਂ ਦੀ, ਇਨਕਲਾਬੀਆਂ ਦੀ ਪਹਿਲੀ ਟੱਕਰ ਪੁਲਿਸ ਨਾਲ ਹੀ ਹੁੰਦੀ ਹੈ। ਅੰਗਰੇਜ਼ਾਂ ਦੇ ਖਿਲਾਫ਼ ਸੰਘਰਸ਼ ਵਿਚ ਵੀ ਸੁਤੰਤਰਤਾ ਸੰਗਰਾਮੀਆਂ ਦੀ ਵੱਡੀ ਟਰੱਕਰ ਹਮੇਸ਼ਾਂ ਪੁਲਿਸ ਨਾਲ ਹੀ ਰਹੀ ਹੈ, ਭਾਵੇਂ ਉਹ ਸੰਘਰਸ਼ ਗਦਰੀਆਂ ਦਾ ਸੀ ਭਾਵੇਂ ਬੱਬਰਾਂ ਦਾ ਸੀ, ਭਾਵੇਂ ਭਗਤ ਸਿੰਘ ਤੇ ਸਾਥੀਟਾਂ ਸੀ ਤੇ ਗੇਜਿਆਂ ਮਾਂ ਨੂੰ ਮੇਰਾ ਸਤਿਕਾਰ ਭਰਿਆ ਪੈਰੀ ਪੈਣਾ ਆਖੀਂ ਤੇ ਨਾਲ ਇਹ ਵੀ ਦੱਸ ਦੇਈ ਕਿ ਜਿਸ ਹੌਂਸਲੇ ਨਾਲ ਉਸਨੇ ਉਸ ਬੁੱਚੜ ਥਾਣੇਦਾਰ ਦਾ ਮੁਕਾਬਲਾ ਕੀਤਾ ਏ ਤੇ ਲੋਕਾਂ ਨੇ ਉਸਨੂੰ ਭਜਾਇਆ ਏ, ਉਹਨੇ ਮੈਨੂੰ ਬੜਾ ਹੌਂਸਲਾ ਦਿੱਤਾ ਏ।

ਗੇਜਾ : ਔਤਾ ਮਾਸਟਰ ਜੀ, ਲਾਲ ਸਲਾਮ।

*(ਗੇਜਾ ਜਾਂਦਾ ਹੈ।)*

## ਸੀਨ ਗਿਆਰਵਾਂ

(ਪੁਲਿਸ ਥਾਣਾ, ਥਾਣੇਦਾਰ ਪੁਲਿਸ ਟਾਊਟ ਬਲਬੀਰੇ ਨਾਲ ਗੱਲਬਾਤ ਕਰ ਰਿਹਾ ਹੈ।)

ਬਲਬੀਰ : ਜਨਾਬ ਕਿਸ ਤਰ੍ਹਾਂ ਯਾਦ ਕੀਤਾ ?

ਥਾਣੇਦਾਰ : ਬਲਬੀਰ ਸਿੰਘ, ਤੇਰੇ ਨਾਲ ਬਹੁਤ ਜ਼ਰੂਰੀ ਕੰਮ ਏ।

ਬਲਬੀਰ : ਤੁਸੀਂ ਹੁਕਮ ਕਰੋ ਗੋਲੀ ਕੀਹਦੀ ਤੇ ਗਹਿਣੇ ਕੀਦੇ ?

ਥਾਣੇਦਾਰ : ਤੈਨੂੰ ਪਤਾ ਏ ਕਿ ਸਾਡੇ ਇਲਾਕੇ ਵਿਚ ਨਕਸਲੀ ਸਿਰ ਚੁੱਕ ਰਹੇ ਨੇ।

ਬਲਬੀਰ : ਹਾਂ ਜੀ, ਦੂਜੇ-ਚੌਥੇ ਦਿਨ ਉਨ੍ਹਾਂ ਦਾ ਕੋਈ ਨਾ ਕੋਈ ਇਸ਼ਤਿਹਾਰ ਕੰਧਾਂ ’ਤੇ ਲੱਗਿਆ ਹੁੰਦਾ ਏ। ਲੋਕ ਉਨ੍ਹਾਂ ਨੂੰ ਪੜ੍ਹਦੇ ਵੀ ਬੜੇ ਧਿਆਨ ਨਾਲ ਨੇ, ਕਿਸੇ ਸਿਆਣੇ ਦਿਮਾਗ ਦਾ ਲਿਖਿਆ ਹੁੰਦਾ ਏ। ਸਾਰੀ ਗੱਲ ਬਿਲਕੁਲ ਸਾਫ਼ ਤੇ ਸਪੱਸ਼ਟ, ਲੋਕਾਂ ਨੂੰ ਸਮਝ ਆਉਣ ਵਾਲੀ ਜ਼ੁਬਾਨ ਵਿਚ ਹੁੰਦੀ ਏ...

ਥਾਣੇਦਾਰ : ਤੇ ਇਹ ਸਿਆਣਾ ਦਿਮਾਗ ਤੇਰਾ ਪੁਰਾਣਾ ਜਮਾਤੀ ਮਾਸਟਰ ਤਰਸੇਮ ਤੋਂ ਸਿਵਾ ਹੋਰ ਕੋਈ ਨਹੀਂ।

ਬਲਬੀਰ : ਇਹਦਾ ਮੈਨੂੰ ਪਤਾ ਏ...

ਥਾਣੇਦਾਰ : ਤੈਨੂੰ ਕਿਸ ਤਰ੍ਹਾਂ ਪਤਾ ਏ ?

ਬਲਬੀਰ : ਹਰ ਗੱਲ ਦੀ ਸੂਹ ਰੱਖਣੀ ਸਾਡਾ ਪੇਸ਼ਾ ਏ ਤੇ ਸਾਨੂੰ ਇਹ ਵੀ ਪਤਾ ਏ ਕਿ ਜਨਾਬ ਜਦੋਂ ਤਰਸੇਮ ਦੀ ਭਾਲ ਵਿਚ ਉਸਦੇ ਘਰ ਗਏ ਤਾਂ ਉਹਦੀ ਮਾਂ ਨੇ ਤੁਹਾਡੇ ਨਾਲ ਬੜੀ ਬਦਸਲੂਕੀ ਕੀਤੀ।

ਥਾਣੇਦਾਰ : ਪਰ ਤੈਨੂੰ ਇਹ ਸਭ ਕੁਝ ਕਿਸਨੇ ਦੱਸਿਆ ? ਤੂੰ ਤਾਂ ਉਥੇ ਨਹੀਂ ਸੀ।

ਬਲਬੀਰ : ਰ ਸਾਡਾ ਪੇਸ਼ਾ ਸਾਨੂੰ ਉਥੇ ਲੈ ਗਿਆ। ਇਹ ਵੀ ਪਤਾ ਲੱਗਿਆ ਕਿ ਤਰਸੇਮ ਦੀ ਮਾਂ ਨੂੰ ਚੁਣੌਤੀ ਦਿੱਤੀ ਕਿ ਉਹ ਜਲਦੀ ਹੀ ਆਪਣੇ ਪੁੱਤਰ ਨੂੰ ਤੁਹਾਡੇ ਅੱਗੇ ਗੋਡੇ ਟੇਕ ਕੇ ਆਪਣੀ ਜਾਨ ਬਖਸ਼ੀ ਲਈ ਤਰਲੇ ਮਿੰਨਤਾ ਕਰਦਾ ਦੇਖੇਗੀ ਤੇ ਇਹ ਵੀ ਪਤਾ ਲੱਗਾ ਏ ਕਿ ਉਸ ਗੁਸਤਾਖ ਔਰਤ ਨੇ ਚੁਣੌਤੀ ਕਬੂਲ ਕਰਕੇ ਕਿਹਾ ਕਿ ਜਿੱਤ ਤਰਸੇਮ ਦੀ ਹੋਵੇਗੀ ਤੁਹਾਡੀ ਨਹੀਂ।

ਥਾਣੇਦਾਰ : ਹਾਂ ਉਹਨੇ ਇਹੀ ਕਿਹਾ ਸੀ।

ਬਲਬੀਰ : ਬੜੀ ਵੱਡੀ ਗੱਲ ਉਹਨੇ ਕਹਿ ਦਿੱਤੀ। ਇਲਾਕੇ ਦਾ ਮਸ਼ਹੂਰ ਥਾਣੇਦਾਰ, ਚੌਧਰੀ ਜਗਜੀਤ ਸਿੰਘ, ਜਿਸ ਤੋਂ ਇਲਾਕੇ ਭਰ ਦੇ ਬਦਮਾਸ਼ ਥਰ-ਥਰ ਕੰਬਦੇ ਹੋਣ ਤੇ ਇਕ ਮਾਮੂਲੀ ਪੇਂਡੂ ਔਰਤ ਉਹਦੇ ਮੂੰਹ ’ਤੇ ਕਹੇ ਕਿ ਉਹ ਉਹਨੂੰ ਟਿੱਚ ਸਮਝਦੀ ਏ। ਇਹ ਤਾਂ ਸਰਾਸਰ ਗੁਸਤਾਖੀ ਏ।

ਥਾਣੇਦਾਰ : ਇਸੇ ਲਈ ਤੈਨੂੰ ਬੁਲਾਇਆ ਏ। ਸਾਡੀ ਪੁਲਿਸ ਹੁਣ ਤੱਕ ਉਸਨੂੰ ਪਕੜਨ ਵਿਚ ਨਾਕਾਮਯਾਬ ਰਹੀ ਹੈ।

ਬਲਬੀਰ : ਇਕ ਗੱਲ ਕਵਾਂ, ਬੁਰਾ ਤੇ ਨਹੀਂ ਮੰਨੋਗੇ ਜਨਾਬ ?

ਥਾਣੇਦਾਰ : ਬੁਰਾ ਕਿਉਂ ਮੰਨਾਂਗਾ...

ਬਲਬੀਰ : ਤੁਹਾਡੇ ਬੰਦੇ ਅਸਲ ਵਿਚ ਉਹਨੂੰ ਫੜਣਾ ਹੀ ਨਹੀਂ ਚਾਹੁੰਦੇ, ਨਹੀਂ ਤਾਂ ਇਹ ਵੀ ਕੋਈ ਗੱਲ ਏ ਕਿ ਉਹ ਸ਼ਰ੍ਹੇਆਮ ਜਲਸਿਆਂ ਵਿਚ ਵੀ ਬੋਲ ਜਾਏ। ਆਪਣੇ ਲਿਖੇ ਹੋਏ ਇਸ਼ਤਿਹਾਰ ਕੰਧਾਂ ’ਤੇ ਲਗਵਾ

ਜਾਏ।

ਥਾਣੇਦਾਰ : ਰ ਜਦੋਂ ਤੱਕ ਸਾਨੂੰ ਉਹਦੇ ਟਿਕਾਣੇ ਦੀ ਖ਼ਬਰ ਹੁੰਦੀ ਏ, ਉਹ ਅੱਗੇ ਨਿਕਲ ਗਿਆ ਹੁੰਦਾ ਏ।

ਬਲਬੀਰ : ਤੁਹਾਨੂੰ ਇਤਲਾਹ ਹੁੰਦੀ ਕਿਥੇ ਏ ?

ਥਾਣੇਦਾਰ : ਕੀ ਮਤਲਬ ?

ਬਲਬੀਰ : ਤੁਹਾਡੀ ਇਤਲਾਹ ਸਿਰਫ਼ ਇਤਲਾਹ ਹੁੰਦੀ ਏ। ਸਿਰਫ਼ ਖਾਨਾਪੂਰਤੀ ਲਈ ਕੀਤੀ ਜਾਂਦੀ ਏ। ਉਸ ਇਤਲਾਹ ਦਾ ਕੀ ਮਤਲਬ ਜਦੋਂ ਸ਼ਿਕਾਰ ਹੱਥੋਂ ਹੀ ਨਿਕਲ ਗਿਆ ਹੋਵੇ। ਇਹ ਕੰਮ ਤੁਸੀਂ ਸਾਡੇ 'ਤੇ ਛੱਡੋ।

ਥਾਣੇਦਾਰ : ਤਾਂ ਹੀ ਤਾਂ ਤੈਨੂੰ ਬੁਲਾਇਆ ਏ। ਤੂੰ ਤਰਸੇਮ ਨੂੰ ਹਰ ਰੂਪ ਵਿਚ ਪਛਾਣ ਸਕੇਂਗਾ।

ਬਲਬੀਰ : ਉਹਨੂੰ ਤਾਂ ਮੈਂ ਇਸ ਤਰ੍ਹਾਂ ਪਛਾਣਦਾ ਹਾਂ ਜਿਸ ਤਰ੍ਹਾਂ ਆਪਣੇ ਆਪ ਨੂੰ ਪਛਾਣਦਾ ਹਾਂ। ਨਿੱਕੇ ਹੁੰਦੇ ਅਲਫ ਨੰਗੇ ਇਕੱਠੇ ਹੀ ਛੱਪੜ ਵਿਚ ਨਹਾਉਂਦੇ ਰਹੇ ਹਾਂ। ਬੱਸ ਇਨਾਮ ਦਾ ਧਿਆਨ ਰੱਖਣਾ। ਕੰਮ ਖਤਰਨਾਕ ਏ। ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਅਗਲੀਆਂ... ਪੀੜ੍ਹੀਆਂ ਕੋਲੋਂ ਵੀ ਬਦਲਾ ਲੈਣਗੇ।

*ਸਮਾਪਤ*